# PHF LEASING LIMITED

Regd. & Corp. Office : 923, G.T. Road, Jalandhar (Pb.) INDIA
Ph. : 0181-4639903-06
email : phf_leasingltd@yahoo.co.in
Website : www.phfleasing.com
CIN No. : L65110PB1992PLC012488


**November 7, 2020**

**To,**
**Head- Listing & Compliance**
**Metropolitan Stock Exchange of India Ltd (MSEI)**
Vibgyor Towers, 4th Floor,
Plot No C 62, G - Block,
Opp. Trident Hotel,
Bandra Kurla Complex,
Bandra (E), Mumbai – 400 098

**Sub: Newspaper Advertisement - Intimation of Board Meeting**

Pursuant to Regulation 47 of the Securities and Exchange Board of India (Listing Obligations and Disclosure Requirements) Regulations, 2015, please find enclosed herewith the clippings of newspaper advertisements of the notice of the Meeting of the Board of Directors of M/s PHF Leasing Limited **("the Company")** scheduled to be held on Friday, November 13, 2020.

The advertisement has been published on Saturday, November 7, 2020 in the following newspapers:

1. Financial Express (English)
2. Daily Mehnat (Punjabi)

Kindly take the same on record.

**For PHF LEASING LIMITED**

**Shiv Dyal Chugh**
**Managing Director**
**DIN: 00993747**
**Add : Chugh Cottage, Urban Estate Phase-1,**
**Garha, Jalandhar – 144001, Punjab, India**

**Date : November 7, 2020**
**Place : Jalandhar**

**BLUE HORIZON INVESTMENTS LTD.**
CIN: L99999MH1974PLC127031
Registered Office: Ballarpur Paper Mills, P.O. Ballarpur – 442 901, Distt. Chandrapur (Maharashtra)

**NOTICE**

Pursuant to Regulation 29 read with Reg 47 of the SEBI (Listing Obligations and Disclosure Requirements) Regulations, 2015. Notice is hereby given that the Meeting of the Board of Directors of the Company is scheduled to be held on Friday, 13th November, 2020, to consider and approve the Unaudited Financial Results of the Company for the quarter ended 30th Septmeber, 2020.

For **BLUE HORIZON INVESTMENTS LTD.**
Place : New Delhi Sd/-
Date : 06.11.2020 CEO

---

**PSL LIMITED**
**Regd. Office :** Kachigam, Daman, U.T. of Daman & Diu-396210
CIN NO. L67120DD1987PLC002395

**NOTICE**

Pursuant to Regulations 47 of the SEBI (Listing Obligations and Disclosure Requirements) Regulations, 2015, notice is hereby given that a meeting of Board of Directors of the Company is scheduled to be held on Friday, the 13th day of November, 2020 to consider, approve and take on record the **un-audited Financial Results for the Quarter & Half Year ended on 30th September, 2020.**

The said notice is also available on the website of the company i.e. **www.psllimited.com** and website of the stock exchanges i.e. **www.bseindia.com** and **www.nseindia.com**

**For PSL LIMITED**
Sd/-
Place : NEW DELHI NITIN JAIN
Date : 06 Nov. 2020 LIQUIDATOR

---

**DYNAMIC MICROSTEPPERS LIMITED**
**CIN:** L45206MH1985PLC036261
**Regd. Office:** 506, Matharu Arcade, Above Axis Bank, Near Garware, Subhash Road, Vile Parle (East), Mumbai – 400 057
**Tel No.:** 022-26842631 | **Fax No.:** 022-26843782
**Website :** www.dynamicmicrosteppers.com
**Email id :** dynamicmicrosteppers limited@gmail.com

**NOTICE**

Pursuant to Regulation 47 read with Regulation 29 of the SEBI (Listing Obligations and Disclosure Requirements) Regulations, 2015, (as may be amended from time to time), Notice is hereby given that the Meeting of the Board of Directors of the Company is scheduled to be held on Friday, 13th November, 2020 inter alia to consider, approve and take on record the un-audited Financial Results of the Company for quarter and half year ended on September, 30, 2020.

Further, in terms of the Company's Code of Conduct and SEBI (Prohibition of Insider Trading) Regulations, 2015, the trading window for dealing in securities of the Company by its designated persons, shall remain closed till the forty-eight hours after the conclusion of Board Meeting convened for considering and approving Un-audited Financial results for the quarter and half year ended September 30, 2020.

This Intimation is also available on the website of the company at www.dynamicmicrosteppers.com and on the website of the Stock Exchange where the shares of the Company are listed at www.bseindia.com

**For Dynamic Microsteppers Limited**
Sd/-
Place: Mumbai **Ashwin Shah**
Date: 06.11.2020 **Director**

---

**PHF LEASING LIMITED**
CIN : L65110PB1992PLC012488
Regd. Off : 923, G.T. Road, Jalandhar – 144001, Punjab
E-Mail id : phf_leasingltd@yahoo.co.in
Website : www.phfleasing.com Ph : 0181-4639903-06

Pursuant to Regulations 29 and 47 of the Securities and Exchange Board of India (Listing Obligations and Disclosure Requirements) Regulations, 2015, notice is hereby given that a meeting of the Board of Directors of M/s PHF Leasing Limited ("the Company") is scheduled to be held on Friday, the 13th day of November, 2020, inter alia, to consider and approve the unaudited standalone financial results of the Company for the quarter and half year ended on September 30, 2020.

The above information can be viewed on the Company's website at www.phfleasing.com and may also be accessed on the Stock Exchange website at www.msei.in.

**For PHF Leasing Limited**
Sd/-
Shiv Dyal Chugh
Date : November 6, 2020 Managing Director
Place : Jalandhar DIN : 00993747

---

# The Shipping Corporation Of India Ltd.

(A Government of India Enterprise)
Shipping House, 245, Madam Cama Road, Mumbai-400 021. Website: www.shipindia.com
Twitter: @shippingcorp; CIN No.: L63030MH1950GOI008033

SCI Navratna Company (ISO 9001:2015, ISO 14001:2015 & ISO 45001:2018 Certified)

## STATEMENT OF UNAUDITED FINANCIAL RESULTS FOR THE QUARTER ENDED 30.09.2020

(Amount in ₹ lakhs)

| Sr. No. | Particulars | STANDALONE | | | CONSOLIDATED | | |
|---|---|---|---|---|---|---|---|
| | | Quarter Ended 30.09.2020 (Unaudited) | Half Year Ended 30.09.2020 (Unaudited) | Quarter Ended 30.09.2019 (Unaudited) | Quarter Ended 30.09.2020 (Unaudited) | Half Year Ended 30.09.2020 (Unaudited) | Quarter Ended 30.09.2019 (Unaudited) |
| 1 | Total income from Operations | 84,321 | 198,667 | 97,444 | 84,321 | 198,667 | 97,444 |
| 2 | Net Profit/(Loss) for the period (Before Tax, Exceptional and/or Extraordinary items) | 13,338 | 46,496 | (4,054) | 14,414 | 49,511 | (2,491) |
| 3 | Net Profit/(Loss) for the period before tax (after Exceptional and/or Extraordinary items) | 13,338 | 46,496 | (4,054) | 14,414 | 49,511 | (2,491) |
| 4 | Net Profit/(Loss) for the period after tax (after Exceptional and/or Extraordinary items) | 13,113 | 44,861 | (5,654) | 14,189 | 47,876 | (4,091) |
| 5 | Total Comprehensive Income for the period [Comprising Profit/(Loss) for the period (after tax) and Other Comprehensive Income (after tax)] | 14,111 | 46,225 | (5,513) | 15,168 | 47,484 | (6,112) |
| 6 | Equity Share Capital | 46,580 | 46,580 | 46,580 | 46,580 | 46,580 | 46,580 |
| 7 | Reserves (excluding Revaluation Reserve) as shown in the Audited Balance Sheet of the previous year | - | - | - | - | - | - |
| 8 | Earnings Per Share (of ₹ 10 each) (for continuing and discontinued operations) (in ₹) | | | | | | |
| | Basic : | 2.82 | 9.63 | (1.21) | 3.05 | 10.28 | (0.88) |
| | Diluted : | 2.82 | 9.63 | (1.21) | 3.05 | 10.28 | (0.88) |

a) The above is an extract of the detailed format of Quarterly/Half yearly Financial Results filed with the Stock Exchanges under Regulation 33 of SEBI (Listing and Other Disclosure Requirements) Regulations, 2015. The Full format of the Quarterly/Half yearly Financial Results are available on the Stock Exchange websites.(**www.bseindia.com** and **www.nseindia.com**) Company's website : **www.shipindia.com**

b) Standalone & Consolidated Financial results for the quarter and half year ended 30th September 2020 are in compliance with Indian Accounting Standards (Ind-AS).

c) The above results have been reviewed by the Audit Committee and approved by the Board of Directors at their respective meetings held on 6th November 2020.

**For The Shipping Corporation of India Ltd**

**Mrs. H. K. Joshi**
**Chairperson & Managing Director & Director (Finance) Addl.charge**
**DIN - 07085755**

**Place : Mumbai**
**Date : 06.11.2020**

**TRANSPORTING GOODS. TRANSFORMING LIVES.**

---

# IOL Chemicals and Pharmaceuticals Limited

**KEY HIGHLIGHTS OF QUARTER ENDED SEP. 2020 (YOY)**

- **Income** up by ₹85.61 Cr (19% Growth)
- **EBIDTA** up by ₹39.47 Cr (29% Growth)
- **PBT** up by ₹43.67 Cr (36% Growth)
- **PAT** up by ₹39.26 Cr (45% Growth)

## EXTRACT OF AUDITED FINANCIAL RESULTS FOR THE QUARTER AND HALF YEAR ENDED 30 SEPTEMBER 2020

(₹ in Crore)

| Sr. No. | Particulars | Quarter Ended | | | Half Year Ended | | Year Ended |
|---|---|---|---|---|---|---|---|
| | | 30.09.2020 (Audited) | 30.06.2020 (Audited) | 30.09.2019 (Audited) | 30.09.2020 (Audited) | 30.09.2019 (Audited) | 31.03.2020 (Audited) |
| 1 | Total Income from operations | 537.96 | 465.91 | 452.35 | 1,003.87 | 948.47 | 1,910.49 |
| 2 | Net Profit for the period (before tax, exceptional and/or extraordinary items) | 165.05 | 146.74 | 121.38 | 311.79 | 252.40 | 533.24 |
| 3 | Net Profit for the period before tax (after exceptional and/or extraordinary items) | 165.05 | 146.74 | 121.38 | 311.79 | 252.40 | 533.24 |
| 4 | Net Profit for the period after tax (after exceptional and/or extraordinary items) | 126.96 | 127.54 | 87.70 | 254.50 | 173.02 | 361.29 |
| 5 | Total Comprehensive income for the period [comprising profit/(loss) for the period (after tax) and other comprehensive income(after tax)] | 126.34 | 126.96 | 86.32 | 253.30 | 171.64 | 359.77 |
| 6 | Equity share capital | 58.71 | 58.71 | 56.89 | 58.71 | 56.89 | 56.89 |
| 7 | Other equity (Reserves excluding revaluation reserve) | | | | 1,036.08 | 589.10 | 756.65 |
| 8 | Earning per share (of ₹10/- each) (for continuing and discontinued operations) (not annualised except for year ended 31.03.2020) | | | | | | |
| | Basic | 21.61 | 22.30 | 15.42 | 43.91 | 30.42 | 63.51 |
| | Diluted | 21.61 | 22.30 | 15.42 | 43.91 | 30.42 | 63.38 |

**Notes:**

1 The above is an extract of the detailed format of audited financial results for the quarter and half year ended 30 September 2020 filed with the Stock Exchanges under Regulation 33 of the SEBI (Listing and Other Disclosure Requirements) Regulations, 2015. The full format of these financial results is available on the Stock Exchange websites i.e. www.bseindia.com & www.nseindia.com and Company's website www.iolcp.com.

2 The above results have been reviewed by the Audit & Risk Management Committee and thereafter approved by the Board of Directors in their respective meetings held on 6 November 2020.

3 The Board of Directors declared Interim Dividend of ₹ 4/- per Equity Share for the Financial Year 2020-21 and fixed 18 November 2020 as Record Date to decide the eligibility of Shareholder for paying the interim dividend.

4 The previous financial period figures have been regrouped/rearranged/restated wherever considered necessary.

**By Order of the Board**
**For IOL Chemicals and Pharmaceuticals Limited**
**Sd/-**
**Vijay Garg**
**Joint Managing Director**
**DIN: 06510248**

**Place: Ludhiana**
**Date: 6 November 2020**

**CIN: L24116PB1986PLC007030,**
**Regd Office: Village & Post Office Handiaya, Fatehgarh Channa Road, Barnala-148107, Punjab**
**Ph. +91-1679-244701-07, Fax: +91-1679-244708, E-mail: contact@iolcp.com, www.iolcp.com**

---

ARTEMIS
HOSPITALS
OUR SPECIALITY IS YOU

# ARTEMIS MEDICARE SERVICES LIMITED

Plot No.14, Sector 20, Dwarka, South West Delhi, Delhi- 110075
Ph.: +91-124-4511111; Fax: +91-124-4588899;
Email: info@artemishospitals.com; Web site: www.artemishospitals.com
CIN: L85110DL2004PLC126414

(₹ in Lakhs)

## EXTRACT OF CONSOLIDATED FINANCIAL RESULTS FOR THE QUARTER AND HALF YEAR ENDED SEPTEMBER 30, 2020

| S. No. | Particulars | Quarter ended | | Half Year ended | | Year ended |
|---|---|---|---|---|---|---|
| | | 30-Sep-20 (Unaudited) | 30-Sep-19 (Unaudited) | 30-Sep-20 (Unaudited) | 30-Sep-19 (Unaudited) | 31-Mar-2020 (Audited) |
| 1. | Total Income from Operations | 9,232.94 | 14,733.98 | 15,505.76 | 28,304.74 | 56,501.79 |
| 2. | Net Profit/(Loss) for the period (before Tax, Exceptional and/or Extraordinary Items) | (34.74) | 912.72 | (1,796.25) | 1,578.49 | 3,062.91 |
| 3. | Net Profit/(Loss) for the period before tax (after Exceptional and/or Extraordinary Items) | (34.74) | 912.72 | (1,796.25) | 1,578.49 | 3,062.91 |
| 4. | Net Profit/(Loss) for the period after tax (after Exceptional and/or Extraordinary Items) | 2.61 | 538.20 | (1,174.39) | 964.80 | 1,946.01 |
| 5. | Total Comprehensive Income for the period [comprising Profit for the period (aftertax) and Other Comprehensive Income (after tax)] | 27.38 | 545.43 | (1,157.66) | 970.91 | 1,944.33 |
| 6. | Paid-up Equity Share Capital (Equity Shares of Rs.10/-each) | 1,323.77 | 1,323.77 | 1,323.77 | 1,323.77 | 1,323.77 |
| 7. | Reserves (excluding Revaluation Reserve) | | | | | 23,401.98 |
| 8. | Earning per Equity Share (Face value Rs.10/-each)<br>(a) Basic<br>(b) Diluted<br>(* Not annualised) | 0.11*<br>0.11* | 4.18*<br>4.18* | -8.73*<br>-8.73* | 7.45*<br>7.45* | 14.95<br>14.95 |

Notes :
The key standalone financial information of the Company is as under:

(₹ in Lakhs)

| S. No. | Particulars | Quarter ended | | Half Year ended | | Year ended |
|---|---|---|---|---|---|---|
| | | 30-Sep-20 (Unaudited) | 30-Sep-19 (Unaudited) | 30-Sep-20 (Unaudited) | 30-Sep-19 (Unaudited) | 31-Mar-2020 (Audited) |
| 1. | Total Income from Operations | 9,088.10 | 14,725.47 | 15,255.97 | 28,296.23 | 56,309.09 |
| 2. | Net Profit/(Loss) for the period before Tax after Exceptional Items | 8.99 | 954.34 | (1,723.00) | 1,634.97 | 3,196.54 |
| 3. | Net Profit/(Loss) for the period after Tax | 35.41 | 584.75 | (1,119.53) | 1,026.24 | 2,042.83 |

The above is an extract of the detailed format of unaudited financial results filed with the Stock exchanges under Regulation 33 of the SEBI (Listing Obligations and Disclosure Requirements) Regulations, 2015. The full format of the financial results (Consolidated/ Standalone) are available on the Stock Exchange websites. (National Stock Exchange of India Limited (www.nseindia.com) & BSE Limited (www.bseindia.com) and on the company's website (www.artemishospitals.com).

The above results for the quarter and half year ended were reviewed by the Audit Committee meeting held on November 05, 2020 and approved by the Board of Directors meeting held on November 05, 2020. The Statutory Auditors have expressed an unmodified opinion on the aforesaid results.

The above financial results have been prepared in accordance with the companies (Indian Accounting Standards) Rules, 2015 (Ind AS), as prescribed under Section 133 of the Companies Act 2013, and the other recognised accounting practices and policies to the extent applicable.

For and on behalf of the Board of Directors
of Artemis Medicare Services Limited

Place : New Delhi Sd/-
Dated : November 5th, 2020 Onkar S. Kanwar
Chairman & Director

---




Dalmia Bharat Limited puts a lot of emphasis on sustainable practices, along with efficient cost structures, digitisation and remote-controlled plants through its wholly owned subsidiary Dalmia Cement (Bharat) Limited, the greenest cement company in the world*, which has greatly improved its profitability. Its highly committed people have worked efficiently, like ever, to achieve a great performance during the current pandemic. Also, with the acquisition of Murli Industries Limited, it has expanded its footprint in the western region and boosted its capacity to 29.5 MnT.

**DALMIA BHARAT LIMITED** (Formerly known as ODISHA CEMENT LIMITED)
(CIN No: L14200TN2013PLC112346)
Regd. Office: Dalmiapuram - 621651, Distt. Tiruchirapalli (Tamil Nadu)
Phone : 91 11 23465100, Fax: 91 11 23313303
Website: www.dalmiabharat.com

Extract of the unaudited Consolidated and Standalone Financial Results for the quarter and half year ended 30-09-2020 (₹ Cr)

| Particulars | For the quarter ended | | | For the half year ended | | For the year ended |
|---|---|---|---|---|---|---|
| | 30-09-20 (unaudited) | 30-06-20 (unaudited) | 30-09-19 (unaudited) | 30-09-20 (unaudited) | 30-09-19 (unaudited) | 31-03-20 (audited) |
| **Consolidated financial results** | | | | | | |
| Total Income from operations | 2,410 | 1,974 | 2,236 | 4,384 | 4,773 | 9,674 |
| Profit for the period/ year before tax | 368 | 295 | 15 | 663 | 267 | 357 |
| Profit for the period/ year after tax | 232 | 188 | 36 | 420 | 188 | 238 |
| Net Profit for the period/ year after tax and non controlling Interest | 232 | 190 | 27 | 422 | 174 | 224 |
| Total Comprehensive Income for the period/ year [Comprising Profit for the period (after tax) and Other Comprehensive income (after tax)] | 376 | 485 | (104) | 861 | (75) | 27 |
| Paid-up Equity Share Capital-Face Value Rs. 2/- each | 37 | 37 | 39 | 37 | 39 | 39 |
| Other equity | | | | | | 10,522 |
| Earnings Per Share (of Rs. 2/- each) (not annualised) | | | | | | |
| Basic (Rupees) | 12.24 | 10.03 | 1.40 | 22.27 | 9.01 | 11.61 |
| Diluted (Rupees) | 12.22 | 10.01 | 1.39 | 22.23 | 8.98 | 11.58 |
| **Standalone financial results** | | | | | | |
| Total Income from operations | 35 | 36 | 39 | 71 | 78 | 151 |
| Other income | 7 | 9 | 54 | 16 | 69 | 143 |
| Profit before tax | 7 | 9 | 50 | 16 | 60 | 153 |
| Profit after tax | 5 | 6 | 48 | 11 | 55 | 135 |

*Dalmia Cement (Bharat) Limited is globally ranked No. 1 on business readiness for a low carbon transition by CDP (Carbon Disclosure Project).

**Notes:**
The above is an extract of the detailed format of Financial Results for the quarter and half year ended 30-09-2020, filed with the Stock Exchanges under Regulation 33 of the SEBI (Listing Obligations and Disclosure Requirements) Regulations, 2015. The full format of the financial results for the quarter and half year ended 30-09-2020 are available on the Stock Exchange websites, www.nseindia.com and www.bseindia.com and on the Company's website www.dalmiabharat.com

Place: New Delhi
Date :05th November, 2020

(Puneet Yadu Dalmia)
Managing Director
DIN: 00022633

(Gautam Dalmia)
Managing Director
DIN: 00009758

# ਕਿਸਾਨੀ ਦੇ ਬਹੁਪੱਖੀ ਸੰਕਟ ਦਾ ਹੱਲ ਵਿਕਾਸ ਦੇ ਸਰਮਾਏਦਾਰੀ ਮਾਡਲ 'ਚ ਸੰਭਵ ਨਹੀਂ

*—ਡਾ. ਸਵਰਾਜ ਸਿੰਘ*

ਅੱਜ ਪੰਜਾਬ ਦੀ ਕਿਸਾਨੀ ਦੇ ਸੰਕਟ ਦਾ ਮਸਲਾ ਬਹੁਤ ਗੰਭੀਰ ਰੂਪ ਧਾਰਨ ਕਰ ਗਿਆ ਹੈ। ਸਾਰੀਆਂ ਕਿਸਾਨ ਜਥੇਬੰਦੀਆਂ, ਰਾਜਨੀਤਕ ਪਾਰਟੀਆਂ, ਮੀਡੀਏ, ਵਿਦਵਾਨਾਂ ਅਤੇ ਚਿੰਤਕਾਂ ਦਾ ਧਿਆਨ ਇਸ ਮਸਲੇ 'ਤੇ ਕੇਂਦਰਿਤ ਹੋ ਰਿਹਾ ਹੈ। ਪੰਜਾਬ ਮੁੱਖ ਤੌਰ 'ਤੇ ਇਕ ਖੇਤੀਬਾੜੀ ਅਧਾਰਿਤ ਰਾਜ (ਸਟੇਟ) ਹੈ। ਜ਼ਾਹਿਰ ਹੈ ਕਿ ਖੇਤੀਬਾੜੀ ਦਾ ਮਸਲਾ ਅਤੇ ਸੰਕਟ ਸਮੁੱਚੇ ਰਾਜ ਲਈ ਕੇਂਦਰੀ ਮਸਲਾ ਬਣ ਜਾਂਦਾ ਹੈ। ਭਾਵੇਂ ਕਿ ਪਿਛਲੇ ਕੁਝ ਸਮੇਂ ਤੋਂ ਪੰਜਾਬ ਦੀ ਕਿਸਾਨੀ ਲਗਾਤਾਰ ਸੰਕਟ ਵੱਲ ਧੱਕੀ ਜਾ ਰਹੀ ਸੀ ਪ੍ਰੰਤੂ ਮੋਦੀ ਸਰਕਾਰ ਵਲੋਂ ਖੇਤੀਬਾੜੀ ਨਾਲ ਸੰਬੰਧਿਤ ਬਣਾਏ ਜਾ ਰਹੇ ਨਵੇਂ ਕਾਨੂੰਨਾਂ ਨੇ ਇਸ ਸੰਕਟ ਨੂੰ ਇਸ ਪੱਧਰ 'ਤੇ ਪਹੁੰਚਾ ਦਿੱਤਾ ਹੈ ਕਿ ਪੰਜਾਬ ਦੀ ਕਿਸਾਨੀ ਇਸ ਨੂੰ ਆਪਣੀ ਹੋਂਦ ਕਾਇਮ ਰੱਖਣ ਲਈ ਸੰਘਰਸ਼ ਕਰਨ ਵਜੋਂ ਆਪਣੀ ਮਜ਼ਬੂਰੀ ਸਮਝਦੀ ਹੈ। ਇਸ ਸੰਦਰਭ ਵਿਚ ਸਭ ਤੋਂ ਮਹੱਤਵਪੂਰਨ ਮਸਲਾ ਐਮ.ਐਸ.ਪੀ. ਦਾ ਹੈ। ਐਮ.ਐਸ.ਪੀ. ਅਰਥਾਤ ਮਿਨੀਅਮ ਸਪੋਰਟ ਪਰਾਈਸ ਅਰਥਾਤ ਫਸਲਾਂ ਦਾ ਘੱਟੋ-ਘੱਟ ਸਮਰਥਨ ਮੁੱਲ ਭਾਵ ਕਿ ਕਿਸਾਨਾਂ ਦੀ ਫਸਲ ਸਰਕਾਰ ਵਲੋਂ ਨਿਸ਼ਚਿਤ ਕੀਤੇ ਘੱਟੋ ਘੱਟ ਮੁੱਲ 'ਤੇ ਵਿਕ ਜਾਏਗੀ।

ਅੱਜ ਪੰਜਾਬ ਦੇ ਖੇਤੀ ਹੇਠ ਰਕਬੇ ਵਿਚੋਂ 90 ਫੀਸਦੀ ਤੋਂ ਵੱਧ ਦੋ ਫਸਲਾਂ ਦੇ ਚੱਕਰ ਹੇਠ ਆਉਂਦਾ ਹੈ। ਕਣਕ ਤੇ ਜੀਰੀ (ਝੋਨਾ)। ਜ਼ਾਹਿਰ ਹੈ ਕਿ ਜੇ ਕਿਸਾਨਾਂ ਦੀਆਂ ਇਹ ਫਸਲਾਂ ਸਰਕਾਰ ਵੱਲੋਂ ਨਿਸ਼ਚਿਤ ਕੀਤੇ ਮੁੱਲ ਦੀ ਬਜਾਏ ਖੁੱਲ੍ਹੀ ਮੰਡੀ ਵਿਚ ਵੇਚੀਆਂ ਜਾਣ ਤਾਂ ਇਹਨਾਂ ਦਾ ਮੁੱਲ ਬਹੁਤ ਹੀ ਘੱਟ ਮਿਲਣ ਦੀ ਸੰਭਾਵਨਾ ਬਣ ਜਾਂਦੀ ਹੈ, ਜਿਹਾ ਕਿ ਉਨ੍ਹਾਂ ਰਾਜਾਂ ਵਿਚ ਹੋਇਆ ਹੈ ਜਿੱਥੇ ਐਮ.ਐਸ.ਪੀ. ਨਹੀਂ ਹੈ। ਉਨ੍ਹਾਂ ਰਾਜਾਂ ਵਿਚ ਬਹੁਤ ਸਾਰੇ ਕਿਸਾਨਾਂ ਲਈ ਖੇਤੀਬਾੜੀ ਦਾ ਧੰਦਾ ਉਨ੍ਹਾਂ ਦੇ ਘਰ ਬਾਰ ਤੇ ਪਰਿਵਾਰ ਦਾ ਖਰਚਾ ਪੂਰਾ ਕਰਨ ਦੇ ਸਮਰੱਥ ਨਹੀਂ ਰਿਹਾ ਅਤੇ ਇਨ੍ਹਾਂ ਨੂੰ ਖੇਤੀਬਾੜੀ ਛੱਡ ਕੇ ਹੋਰ ਧੰਦੇ ਅਪਣਾਉਣ ਲਈ ਮਜ਼ਬੂਰ ਹੋਣਾ ਪਿਆ ਹੈ। ਅਸੀਂ ਵੇਖ ਸਕਦੇ ਹਾਂ ਕਿ ਪੰਜਾਬ ਵਿਚ ਆਉਣ ਵਾਲੇ ਬਹੁਤ ਸਾਰੇ ਬਿਹਾਰੀ ਮਜ਼ਦੂਰ ਉਥੋਂ ਦੀ ਛੋਟੀ ਕਿਸਾਨੀ ਨਾਲ ਸੰਬੰਧਿਤ ਹਨ, ਜਿਨ੍ਹਾਂ ਨੂੰ ਮਜ਼ਬੂਰੀ ਵੱਸ ਖੇਤੀਬਾੜੀ ਦਾ ਧੰਦਾ ਛੱਡਣਾ ਪਿਆ ਹੈ। ਪੰਜਾਬ ਦੀ ਕਿਸਾਨੀ ਦਾ ਵੱਡਾ ਹਿੱਸਾ ਵੀ ਛੋਟੀ ਕਿਸਾਨੀ ਦੇ ਘੇਰੇ ਵਿਚ ਹੀ ਆਉਂਦਾ ਹੈ ਅਤੇ ਉਸਨੂੰ ਵੀ ਲੱਗਦਾ ਹੈ ਕਿ ਜੇ ਐਮ.ਐਸ.ਪੀ. ਖ਼ਤਮ ਹੋ ਗਿਆ ਤਾਂ ਉਸਦੀ ਹਾਲਤ ਵੀ ਇਨ੍ਹਾਂ ਬਿਹਾਰੀ ਮਜ਼ਦੂਰਾਂ ਵਰਗੀ ਹੋ ਜਾਏਗੀ। ਜ਼ਾਹਿਰ ਹੈ ਕਿ ਬਹੁਤ ਸਾਰੇ ਪੰਜਾਬੀ ਕਿਸਾਨਾਂ ਲਈ ਐਮ.ਐਸ.ਪੀ. ਕਾਇਮ ਰੱਖਣ ਦਾ ਮਸਲਾ ਜੀਵਨ ਮਰਨ ਦਾ ਮਸਲਾ ਬਣ ਗਿਆ ਹੈ।

ਸਪੱਸ਼ਟ ਹੈ ਕਿ ਇਸ ਵੇਲੇ ਕਿਸਾਨੀ ਦੇ ਸੰਕਟ ਦਾ ਮੁੱਖ ਪੱਖ ਆਰਥਿਕ ਸੰਕਟ ਹੈ। ਅੱਜ ਕਿਸਾਨੀ ਉਸ ਮਸਲੇ ਦੁਆਲੇ ਹੀ ਲਾਮਬੰਦ ਹੋ ਰਹੀ ਹੈ। ਫੌਰੀ ਤੌਰ 'ਤੇ ਕਿਸਾਨੀ ਦਾ ਸੰਘਰਸ਼ ਇਸ ਮਸਲੇ ਦੁਆਲੇ ਹੀ ਹੋਏਗਾ। ਪ੍ਰੰਤੂ ਸਾਨੂੰ ਇਹ ਗੱਲ ਚੰਗੀ ਤਰ੍ਹਾਂ ਸਮਝ ਲੈਣੀ ਚਾਹੀਦੀ ਹੈ ਕਿ ਕਿਸਾਨੀ ਦਾ ਸੰਕਟ ਨਿਰੋਲ ਆਰਥਿਕ ਸੰਕਟ ਨਹੀਂ ਹੈ ਸਗੋਂ ਇਕ ਬਹੁਪੱਖੀ ਸੰਕਟ ਹੈ, ਜਿਸਦੇ ਸਮਾਜਿਕ, ਸਭਿਆਚਾਰਿਕ, ਨੈਤਿਕ ਅਤੇ ਰਾਜਨੀਤਕ ਪੱਖ ਵੀ ਹਨ। ਭਾਵੇਂ ਕਿ ਫੌਰੀ ਤੌਰ 'ਤੇ ਜਾਂ ਥੋੜ੍ਹੇ ਸਮੇਂ ਲਈ ਨਿਰੋਲ ਆਰਥਿਕ ਸੰਕਟ ਉੱਤੇ ਕੇਂਦਰਿਤ ਸੰਘਰਸ਼ ਇਕ ਦਾਅਪੇਚ ਤਾਂ ਹੋ ਸਕਦਾ ਹੈ ਪ੍ਰੰਤੂ ਨਾ ਤਾਂ ਇਹ ਲੰਬੇ ਸਮੇਂ ਲਈ ਯੁੱਧ ਨੀਤੀ ਬਣ ਸਕਦਾ ਹੈ ਅਤੇ ਨਾ ਹੀ ਇਹ ਲੰਬੇ ਸਮੇਂ ਵਿਚ ਇਸ ਸੰਕਟ ਦਾ ਹੱਲ ਕਰ ਸਕਦਾ ਹੈ। ਵੱਧ ਤੋਂ ਵੱਧ ਨਿਰੋਲ ਆਰਥਿਕ ਮਸਲੇ 'ਤੇ ਸੰਘਰਸ਼ ਨਾਲ ਅਸੀਂ ਐਮ.ਐਸ.ਪੀ. ਨੂੰ ਕੁਝ ਹੋਰ ਸਮਾਂ ਕਾਇਮ ਰੱਖ ਸਕਦੇ ਹਾਂ। ਭਾਵੇਂ ਕਿ ਅਜਿਹਾ ਕਰਨਾ ਵੀ ਬਹੁਤ ਜ਼ਰੂਰੀ ਹੈ। ਇਹ ਸਾਡੇ ਸੰਘਰਸ਼ ਦਾ ਇਕ ਅਹਿਮ ਪੜਾਅ ਤਾਂ ਹੋ ਸਕਦਾ ਹੈ ਪ੍ਰੰਤੂ ਇਹ ਸਾਡਾ ਅੰਤਿਮ ਨਿਸ਼ਾਨਾ ਨਹੀਂ ਬਣ ਸਕਦਾ। ਕਿਉਂਕਿ ਜੋ ਅਸੀਂ ਕਿਸਾਨੀ ਦੇ ਸੰਕਟ ਨਾਲ ਜੁੜੇ ਵੱਖ-ਵੱਖ ਪੱਖਾਂ ਨੂੰ ਨਹੀਂ ਸਮਝਾਂਗੇ ਅਤੇ ਸੰਬੋਧਿਤ ਨਹੀਂ ਹੋਵਾਂਗੇ ਤਾਂ ਅਸੀਂ ਆਪਣੇ ਕਿਸਾਨਾਂ ਨੂੰ ਜ਼ਰੂਰੀ ਫੌਰੀ ਰਾਹਤ ਤਾਂ ਦਵਾ ਦੇਵਾਂਗੇ ਪ੍ਰੰਤੂ ਇਸ ਸੰਕਟ ਦਾ ਕੋਈ ਸਥਾਈ ਹੱਲ ਨਹੀਂ ਲੱਭ ਸਕਾਂਗੇ ਅਤੇ ਥੋੜ੍ਹੀ ਦੇਰ ਬਾਅਦ ਫਿਰ ਇਹ ਆਰਥਿਕ ਸੰਕਟ ਹੋਰ ਵੀ ਭਿਆਨਕ ਰੂਪ ਧਾਰਨ ਕਰਕੇ ਸਾਡੇ ਸਾਹਮਣੇ ਆਏਗਾ।

ਇਸ ਲਈ ਸਾਡੀ ਇਹ ਪਹੁੰਚ ਹੋਣੀ ਚਾਹੀਦੀ ਹੈ ਕਿ ਅਸੀਂ ਫੌਰੀ ਆਰਥਿਕ ਮਸਲਿਆਂ 'ਤੇ ਸੰਘਰਸ਼ ਕਰਕੇ ਆਪਣੀ ਕਿਸਾਨੀ ਨੂੰ ਲੋੜੀਂਦਾ ਸਮਾਂ ਉਪਲਬੱਧ ਕਰਵਾ ਦੇਈਏ ਤਾਂ ਜੋ ਉਹ ਉਸ ਨੂੰ ਦਰਪੇਸ਼ ਬਹੁਪੱਖੀ ਸੰਕਟ ਨੂੰ ਸਮਝ ਸਕੇ ਅਤੇ ਉਸਦੇ ਨਿਵਾਰਣ ਲਈ ਲਾਮਬੰਦ ਹੋ ਸਕੇ। ਦੂਜੇ ਸ਼ਬਦਾਂ ਵਿਚ ਜਿੱਥੇ ਫੌਰੀ ਸੰਘਰਸ਼ ਲਈ ਦਾਅਪੇਚ (ਟੈਕਟਿਕ) ਅਪਣਾਉਣੇ ਵੀ ਜ਼ਰੂਰੀ ਹਨ, ਉੱਥੇ ਲੰਬੇ ਸਮੇਂ ਦੀ ਯੁੱਧ ਨੀਤੀ (ਸਟਰੇਟਜੀ) ਬਣਾਉਣੀ ਵੀ ਜ਼ਰੂਰੀ ਹੈ। ਲੰਬੇ ਸਮੇਂ ਦੀ ਯੁੱਧ ਨੀਤੀ ਬਣਾਉਣ ਲਈ ਸਾਨੂੰ ਕਿਸਾਨੀ ਨੂੰ ਦਰਪੇਸ਼ ਬਹੁਪੱਖੀ ਸੰਕਟ ਦਾ ਬਹੁਪੱਖੀ ਵਿਸ਼ਲੇਸ਼ਣ ਕਰਨਾ ਪਏਗਾ ਅਤੇ ਇਸ ਸੰਕਟ ਦਾ ਵਿਕਾਸ ਕਿਵੇਂ ਹੋਇਆ ਅਤੇ ਇਹ ਵੀ ਸਮਝਣਾ ਪਏਗਾ ਕਿ ਇਹ ਸਥਾਨਿਕ ਅਰਥਾਤ ਸਿਰਫ਼ ਪੰਜਾਬ ਜਾਂ ਭਾਰਤ ਦਾ ਸੰਕਟ ਨਹੀਂ ਹੈ ਸਗੋਂ ਵਿਸ਼ਵ ਸਰਮਾਏਦਾਰੀ ਦੇ ਸੰਕਟ ਦਾ ਹਿੱਸਾ ਹੈ।

ਜੇ ਅਸੀਂ ਪਿਛਲੀਆਂ ਕੁਝ ਸਦੀਆਂ ਦੇ ਸਰਮਾਏਦਾਰੀ ਦੇ ਇਤਿਹਾਸ, ਖਾਸ ਕਰਕੇ ਯੂਰਪ ਵਿਚ ਝਾਤੀ ਮਾਰੀਏ ਤਾਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਕਿਸਾਨੀ ਨੂੰ ਉਜਾੜਨਾ ਅਤੇ ਖੇਤੀਬਾੜੀ ਤੋਂ ਤੋੜ ਕੇ ਪਿੰਡਾਂ ਤੋਂ ਸ਼ਹਿਰਾਂ ਵੱਲ ਧੱਕਣਾ ਅਤੇ ਮਜ਼ਦੂਰ ਬਣਨ ਲਈ ਮਜ਼ਬੂਰ ਕਰਨਾ ਸਰਮਾਏਦਾਰੀ ਦੇ ਮੁੱਖ ਏਜੰਡਿਆਂ ਵਿਚੋਂ ਇਕ ਏਜੰਡਾ ਰਿਹਾ ਹੈ। ਅੱਜ ਸਰਮਾਏਦਾਰੀ ਸਾਮਰਾਜ ਵਿਚ ਬਦਲ ਗਈ ਹੈ ਅਤੇ ਸੰਸਾਰੀਕਰਨ ਸਾਮਰਾਜ ਦੀ ਸਭ ਤੋਂ ਉੱਪਰਲੀ ਅਵਸਥਾ ਹੈ। ਅੱਜ ਜੋ ਕੁਝ ਸਰਮਾਏਦਾਰੀ ਨੇ ਪਹਿਲਾਂ ਯੂਰਪ ਵਿਚ ਆਪਣੇ ਆਪਣੇ ਦੇਸ਼ਾਂ ਵਿਚ ਕੀਤਾ ਹੁਣ ਉਹ ਵਿਸ਼ਵ ਪੱਧਰ 'ਤੇ ਕਰ ਰਹੀ ਹੈ। ਇਸ ਲਈ ਸਰਮਾਏਦਾਰੀ ਨੇ ਹੁਣ ਸਾਰੇ ਸੰਸਾਰ ਵਿਚ ਕਿਸਾਨਾਂ ਨੂੰ ਉਜਾੜਨਾ ਹੈ ਅਤੇ ਮਜ਼ਦੂਰ ਬਣਨ ਵੱਲ ਧੱਕਣਾ ਹੈ। ਮੋਦੀ ਸਰਕਾਰ ਨੇ ਜਿਹੜੇ ਖੇਤੀਬਾੜੀ ਨਾਲ ਸੰਬੰਧਿਤ ਕਾਨੂੰਨ ਬਣਾਏ ਹਨ, ਉਨ੍ਹਾਂ ਲਈ ਵਰਲਡ ਬੈਂਕ, ਵਰਲਡ ਟਰੇਡ ਆਰਗੇਨਾਈਜੇਸ਼ਨ ਤੇ ਇੰਟਰਨੈਸ਼ਨਲ ਮਾਨੀਟਰੀ ਫੰਡ ਵਰਗੀਆਂ ਸਰਮਾਏਦਾਰੀ ਦੀਆਂ ਵਿਸ਼ਵ ਪੱਧਰ ਦੀਆਂ ਸੰਸਥਾਵਾਂ ਦਬਾਅ ਪਾ ਰਹੀਆਂ ਹਨ। ਉਹ ਕਹਿ ਰਹੀਆਂ ਕਿ ਭਾਰਤ ਵਰਗੇ ਦੇਸ਼ਾਂ ਵਿਚ ਹਾਲੇ ਵੀ 70% ਦੇ ਕਰੀਬ ਵਸੋਂ ਸਿੱਧੇ ਜਾਂ ਅਸਿੱਧੇ ਤੌਰ 'ਤੇ ਖੇਤੀਬਾੜੀ ਨਾਲ ਜੁੜੀ ਹੋਈ ਹੈ, ਜਦੋਂ ਕਿ ਵਿਕਸਿਤ ਸਰਮਾਏਦਾਰ ਦੇਸ਼ਾਂ ਵਿਚ ਸਿਰਫ 2 ਫੀਸਦੀ ਵਸੋਂ ਹੀ ਖੇਤੀ ਨਾਲ ਜੁੜੀ ਹੋਈ ਹੈ। ਹੁਣ ਤੁਸੀਂ ਵਸੋਂ ਦਾ ਇਨ੍ਹਾਂ ਵੱਡਾ ਹਿੱਸਾ ਖੇਤੀਬਾੜੀ ਨਾਲ ਸੰਬੰਧਿਤ ਨਹੀਂ ਰੱਖ ਸਕਦੇ। ਇਨ੍ਹਾਂ ਨੂੰ ਵਿਹਲਾ ਕਰੋ ਤਾਂ ਜੋ ਇਹ ਮਜ਼ਦੂਰੀ ਤੇ ਹੋਰ ਨੌਕਰੀਆਂ ਕਰ ਸਕਣ। ਇਕ ਹੋਰ ਸਮੱਸਿਆ ਵੀ ਇਸ ਸਮੱਸਿਆ ਨੂੰ ਹੋਰ ਗੁੰਝਲਦਾਰ ਬਣਾ ਰਹੀ ਹੈ। ਵਿਕਸਿਤ ਸਰਮਾਏਦਾਰ ਦੇਸ਼ਾਂ ਵਿਚ ਬੱਚੇ ਪੈਦਾ ਕਰਨ ਦੀ ਦਰ ਫਰਟਿਲਟੀ ਰੇਟ ਘੱਟ ਰਿਹਾ ਹੈ।

ਇਨ੍ਹਾਂ ਦੇਸ਼ਾਂ ਨੂੰ ਆਪਣਾ ਕੰਮ ਕਾਜ ਚਲਾਉਣ ਲਈ ਵੀ ਮਨੁੱਖੀ ਸ਼ਕਤੀ ਦੀ ਲੋੜ ਹੈ। ਇਸ ਲਈ ਕਿਸਾਨਾਂ ਦਾ ਉਜਾੜਾ ਉਨ੍ਹਾਂ ਲਈ ਇਸ ਪੱਖੋਂ ਵੀ ਲਾਹੇਵੰਦ ਸਾਬਤ ਹੋ ਸਕਦਾ ਹੈ। ਪੰਜਾਬ ਵਿਚੋਂ ਸਾਮਰਾਜੀ ਦੇਸ਼ਾਂ ਦੇ ਮੁੱਖ ਤੌਰ 'ਤੇ ਕੈਨੇਡਾ ਨੂੰ ਹੋ ਰਿਹਾ ਪ੍ਰਵਾਸ ਮੁੱਖ ਤੌਰ 'ਤੇ ਪੰਜਾਬ ਦੀ ਕਿਸਾਨੀ ਦਾ ਪ੍ਰਵਾਸ ਹੈ। ਜਿਉਂ-ਜਿਉਂ ਪੰਜਾਬ ਵਿਚ ਕਿਸਾਨੀ ਦਾ ਉਜਾੜਾ ਹੋਏਗਾ ਤਿਉਂ-ਤਿਉਂ ਪੰਜਾਬ ਤੋਂ ਕੈਨੇਡਾ ਵੱਲ ਹੋਰ ਪ੍ਰਵਾਸ ਵਧੇਗਾ।

ਭਾਵੇਂ ਕਿ ਪੰਜਾਬ ਲਈ ਇਹ ਪ੍ਰਵਾਸ ਸਾਮਰਾਜੀ ਲੁੱਟ ਤੋਂ ਬਿਨਾਂ ਹੋਰ ਕੁਝ ਵੀ ਸਾਬਤ ਨਹੀਂ ਹੋ ਰਿਹਾ। ਕੈਨੇਡਾ ਲਈ ਤਾਂ ਇਹ ਹਰ ਤਰ੍ਹਾਂ ਲਾਹੇਵੰਦ ਹੈ। ਉਨ੍ਹਾਂ ਨੂੰ ਲੱਖਾਂ ਪਲੇ ਪਲਾਏ ਨੌਜਵਾਨ ਮੁਫ਼ਤ ਵਿਚ ਮਿਲ ਰਹੇ ਹਨ, ਜਦੋਂ ਕਿ ਕੈਨੇਡਾ ਵਿਚ ਇਕ ਬੱਚੇ ਨੂੰ 18 ਸਾਲ ਦੇ ਹੋਣ ਤਕ ਕੈਨੇਡਾ ਸਰਕਾਰ ਦਾ 5 ਕਰੋੜ ਤੋਂ ਵੱਧ ਰੁਪਿਆ ਖ਼ਰਚ ਆਉਂਦਾ ਹੈ। ਜ਼ਾਹਿਰ ਹੈ ਕਿ ਉਨ੍ਹਾਂ ਦਾ ਏਨਾ ਪੈਸਾ ਬਚ ਰਿਹਾ ਹੈ। ਇਹ ਨੌਜਵਾਨ ਕੈਨੇਡਾ ਦੀਆਂ ਯੂਨੀਵਰਸਿਟੀਆਂ ਵਿਚ ਫਰਜ਼ੀ ਵਿਦਿਆਰਥੀ ਬਣ ਕੇ ਕੈਨੇਡੀਅਨ ਵਿਦਿਆਰਥੀਆਂ ਨਾਲੋਂ ਤਿੰਨ ਗੁਣਾਂ ਜ਼ਿਆਦਾ ਫੀਸ ਦੇ ਰਹੇ ਹਨ। ਉੱਥੇ ਪੱਕੇ ਹੋਣ ਲਈ ਤੇ ਘਰ ਖਰੀਦਣ ਲਈ ਉਹ ਪੰਜਾਬ ਤੋਂ ਜ਼ਮੀਨ ਜਾਇਦਾਦ ਵੇਚ ਕੇ ਪੈਸਾ ਕੈਨੇਡਾ ਲੈ ਜਾ ਰਹੇ ਹਨ। ਇਸ ਪ੍ਰਵਾਸ ਦੁਆਰਾ ਸਮੁੱਚੇ ਤੌਰ 'ਤੇ ਸਰਮਾਇਆ ਪੰਜਾਬ ਤੋਂ ਕੈਨੇਡਾ ਵੱਲ ਜਾ ਰਿਹਾ ਹੈ। ਇਹ ਕੈਨੇਡਾ ਲਈ ਹਰ ਤਰ੍ਹਾਂ ਦਾ ਵਾਧਾ ਤੇ ਪੰਜਾਬ ਲਈ ਹਰ ਤਰ੍ਹਾਂ ਦਾ ਘਾਟਾ ਹੈ।

ਸਾਨੂੰ ਇਹ ਗੱਲ ਚੰਗੀ ਤਰ੍ਹਾਂ ਸਮਝ ਲੈਣੀ ਚਾਹੀਦੀ ਹੈ ਕਿ ਮੌਜੂਦਾ ਕਿਸਾਨੀ ਸੰਕਟ ਪੱਛਮੀ ਸਰਮਾਏਦਾਰੀ ਦੇ ਸੰਕਟ ਦਾ ਹੀ ਪ੍ਰਗਟਾਵਾ ਹੈ। ਇਸ ਲਈ ਲੰਬੇ ਸਮੇਂ ਵਿਚ ਇਸਦਾ ਹੱਲ ਪੱਛਮ ਵੱਲੋਂ ਨਹੀਂ ਸਗੋਂ ਪੂਰਬ ਵਲੋਂ ਅਰਥਾਤ ਸਾਡੇ ਆਪਣੇ ਇਤਿਹਾਸਿਕ ਤਜ਼ਰਬੇ ਤੇ ਅਸਾਡੇ ਫਲਸਫੇ ਵਿਚੋਂ ਹੀ ਨਿਕਲਣਾ ਹੈ। ਪੰਜਾਬ ਵਿਚ ਮੌਜੂਦਾ ਕਿਸਾਨੀ ਦੇ ਸੰਕਟ ਦੀਆਂ ਜੜ੍ਹਾਂ ਹਰੇ ਇਨਕਲਾਬ ਵਿਚ ਪਈਆਂ ਹਨ, ਜਿਸ ਵਿਚ ਅਸੀਂ ਆਪਣਾ ਸਹਿਜ ਅਤੇ ਕੁਦਰਤੀ ਵਿਕਾਸ ਦਾ ਮਾਡਲ ਛੱਡ ਕੇ ਸਾਮਰਾਜੀ ਵਿਕਾਸ ਦਾ ਮਾਡਲ ਆਪਣਾ ਲਿਆ। ਕੁਦਰਤ ਨਾਲ ਇਕਸੁਰਤਾ ਤੇ ਸਹਿਹੋਂਦ ਦੇ ਸਿਧਾਂਤ ਤੇ ਵਿਕਸਿਤ ਹੋਇਆ ਖੇਤੀ ਦਾ ਮਾਡਲ ਛੱਡ ਕੇ ਸਾਮਰਾਜੀ ਮਾਡਲ ਸਾਡੇ 'ਤੇ ਠੋਸਿਆ ਗਿਆ। ਕੁਦਰਤੀ ਤੌਰ 'ਤੇ ਵਿਕਸਿਤ ਫਸਲੀ ਵਿਭਿੰਨਤਾ ਵਾਲਾ ਚੱਕਰ ਛੱਡ ਕੇ ਦੋ ਫਸਲੀ ਗ਼ੈਰ ਕੁਦਰਤੀ ਮਾਡਲ ਅਪਨਾ ਲਿਆ, ਜਿਸ ਨਾਲ ਥੋੜਚਿਰੀ ਖੁਸ਼ਹਾਲੀ ਤਾਂ ਨਸੀਬ ਹੋਈ ਪ੍ਰੰਤੂ ਲੰਬੇ ਸਮੇਂ ਵਿਚ ਪੰਜਾਬ ਦੀ ਬਰਬਾਦੀ ਦੇ ਬੀਜ ਬੀਜੇ ਗਏ। ਪੰਜਾਬ ਦਾ ਸਿਰਫ਼ ਵਾਤਾਵਰਨ ਹੀ ਨਸ਼ਟ ਨਹੀਂ ਹੋਇਆ, ਸਗੋਂ ਹਰੇ ਇਨਕਲਾਬ ਨੇ ਪੰਜਾਬ ਦੇ ਸੱਭਿਆਚਾਰ, ਸਮਾਜਿਕ ਤੇ ਪਰਿਵਾਰਿਕ ਰਿਸ਼ਤਿਆਂ ਦੇ ਤਾਣੇ ਬਾਣੇ ਤੇ ਪੰਜਾਬ ਦੀ ਨੈਤਿਕਤਾ ਨੂੰ ਤਹਿਸ-ਨਹਿਸ ਕਰ ਦਿੱਤਾ।

ਪੰਜਾਬ ਸਮਾਜਿਕ, ਸਭਿਆਚਾਰਕ, ਨੈਤਿਕ ਅਤੇ ਰਾਜਨੀਤਕ ਸੰਕਟ ਵੱਲ ਧੱਕਿਆ ਗਿਆ। ਪ੍ਰੰਤੂ ਸਾਡਾ ਤੋਂ ਵੱਡਾ ਦੁਖਾਂਤ ਇਹ ਹੈ ਕਿ ਇਸ ਸੰਕਟ ਵਿਚੋਂ ਨਿਕਲਣ ਲਈ ਅਸੀਂ ਫਿਰ ਪੱਛਮ ਵੱਲ ਹੀ ਮੂੰਹ ਕੀਤਾ ਹੋਇਆ ਹੈ ਅਤੇ ਸਾਮਰਾਜੀ ਪ੍ਰਵਾਸ ਨੂੰ ਇਸ ਸੰਕਟ ਵਿਚੋਂ ਨਿਕਲਣ ਦਾ ਹੱਲ ਸਮਝਿਆ ਹੈ।

ਸਾਮਰਾਜੀ ਪ੍ਰਵਾਸ ਨੇ ਹਰੇ ਇਨਕਲਾਬ ਵੱਲੋਂ ਪੈਦਾ ਕੀਤੇ ਗਏ ਸੰਕਟਾਂ ਵਿਚੋਂ ਸਾਨੂੰ ਕੱਢਣ ਦੀ ਬਜਾਏ ਸਗੋਂ ਸਾਡੇ ਸੰਕਟਾਂ ਨੂੰ ਹੋਰ ਡੂੰਘਾ ਅਤੇ ਜਟਿਲ ਬਣਾ ਦਿੱਤਾ ਹੈ। ਅੰਗਰੇਜ਼ੀ ਵਿਚ ਕਹਿੰਦੇ ਹਨ ਕਿ ਇਲਾਜ ਇਜ਼ ਵਰਸ ਦੈਨ ਦੀ ਡੀਜ਼ੀਜ ਅਰਥਾਤ ਇਲਾਜ ਬਿਮਾਰੀ ਨਾਲੋਂ ਵੀ ਮਾੜਾ ਸਾਬਤ ਹੋਣਾ।

ਪ੍ਰਵਾਸ ਨੇ ਪੰਜਾਬ ਨੂੰ ਲੱਗਪੱਗ ਮੁਕੰਮਲ ਬਰਬਾਦੀ ਵੱਲ ਧੱਕ ਦਿੱਤਾ ਹੈ। ਇਸ ਸੰਕਟ ਵਿਚੋਂ ਨਿਕਲਣ ਦਾ ਰਾਹ ਪੱਛਮੀ ਸਰਮਾਏਦਾਰੀ ਦੇ ਵਿਕਾਸ ਮਾਡਲ, ਜੋ ਕਿ ਕੁਦਰਤ ਵਿਰੋਧੀ ਅਤੇ ਲੋਕ ਵਿਰੋਧੀ ਹੈ, ਨੂੰ ਨਕਾਰ ਕੇ ਆਪਣਾ ਕੁਦਰਤੀ ਪੱਖੀ ਅਤੇ ਲੋਕ ਪੱਖੀ ਵਿਕਾਸ ਮਾਡਲ ਅਪਣਾਉਣਾ ਹੈ।

ਭਾਵੇਂ ਸਾਨੂੰ ਮੌਜੂਦਾ ਕਿਸਾਨਾਂ ਦੇ ਸੰਘਰਸ਼ ਦੀ ਪੂਰੀ ਹਮਾਇਤ ਕਰਨੀ ਚਾਹੀਦੀ ਹੈ ਪਰੰਤੂ ਨਾਲ ਨਾਲ ਕਿਸਾਨਾਂ ਵਿਚ ਇਹ ਚੇਤਨਾ ਵੀ ਲਿਆਉਣ ਦਾ ਯਤਨ ਕਰਨਾ ਚਾਹੀਦਾ ਹੈ ਕਿ ਕਿਸਾਨੀ ਦੇ ਸੰਕਟ ਦਾ ਹੱਲ ਪੱਛਮੀ ਸਰਮਾਏਦਾਰੀ ਵਿਕਾਸ ਦੇ ਮਾਡਲ ਵਿਚ ਸੰਭਵ ਨਹੀਂ, ਸਗੋਂ ਆਪਣੀਆਂ ਪ੍ਰਸਥਿਤੀਆਂ ਅਤੇ ਆਪਣੇ ਇਤਿਹਾਸਿਕ ਤਜ਼ਰਬੇ 'ਤੇ ਅਧਾਰਿਤ ਬਦਲਵੇਂ ਵਿਕਾਸ ਦੇ ਮਾਡਲ ਨੂੰ ਅਪਣਾਉਣ ਨਾਲ ਹੀ ਹੋ ਸਕਦਾ ਹੈ।

*—ਮੋਬਾ. 98153-08460*

(ਧੰਨਵਾਦ ਦੇ.ਸੇ.)

# ਸਫ਼ਾਈ ਯੋਜਨਾਵਾਂ ਹੀ ਕੂੜਾ ਬਣ ਗਈਆਂ

## 15 ਕਰੋੜ ਰੁਪਏ ਕੀਤੇ ਖ਼ਰਚ, ਨਤੀਜਾ......

### ਸਮੱਸਿਆ ਦਾ ਸਭ ਤੋਂ ਵੱਡਾ ਪਹਾੜ... 14 ਏਕੜ ਜ਼ਮੀਨ 'ਤੇ 4 ਮੰਜ਼ਿਲਾ ਇਮਾਰਤ ਜਿੰਨਾ ਕੂੜਾ, ਨਿਸਤਾਰਣ ਨਹੀਂ

**ਜਲੰਧਰ, (ਬਿਊਰੋ)**—ਨਵੀਂ ਸਵੱਛਤਾ ਰੈਂਕਿੰਗ ਦਾ ਸਰਵੇ ਸ਼ੁਰੂ ਹੁੰਦੇ ਹੀ ਨਗਰ ਨਿਗਮ ਨੇ 'ਮੇਰਾ ਕੂੜਾ ਮੇਰੀ ਜ਼ਿੰਮੇਦਾਰੀ' ਨਾਮਕ ਜਾਗ੍ਰਿਤੀ ਮੁਹਿੰਮ ਸ਼ੁਰੂ ਕੀਤੀ। ਨਵੇਂ ਸਵੱਛਤਾ ਸਰਵੇ ਵਿਚ ਇਹ ਦੇਖਿਆ ਜਾਣਾ ਹੈ ਕਿ ਕਿਸ ਸ਼ਹਿਰ ਵਿਚ ਸਫਾਈ ਨੂੰ ਲੈ ਕੇ ਇਲਾਕੇ ਦੇ ਲੋਕ ਕਿੰਨੇ ਜ਼ਿੰਮੇਦਾਰ ਹਨ। ਇਸ ਨਾਲ ਪਹਿਲਾਂ ਸੁੱਕਾ ਕੂੜਾ ਅਤੇ ਗਿੱਲਾ ਕੂੜਾ ਅਲੱਗ-ਅਲੱਗ ਕਰਨ ਦਾ ਜਾਗ੍ਰਿਤੀ ਮੁਹਿੰਮ ਅਤੇ ਕੂੜਾ ਦੇਖਣ 'ਤੇ ਸ਼ਿਕਾਇਤ ਕਰਨ ਦੇ ਪ੍ਰਤੀ ਸੰਵੇਦਨਸ਼ੀਲ ਹੋਣ ਦੀ ਜਾਗ੍ਰਿਤੀ ਮੁਹਿੰਮ ਵੀ ਚਲਾਈ ਗਈ। ਲੋਕਾਂ ਨੂੰ ਕੂੜੇ ਦੀ ਸ਼ਿਕਾਇਤ ਕਰਨ ਲਈ ਸਵੱਛਤਾ ਮੋਬਾਈਲ ਐਪਲੀਕੇਸ਼ਨ ਚਲੀ ਅਤੇ ਜਿਵੇਂ ਹੀ ਰੈਂਕਿੰਗ ਦਾ ਸਰਵੇ ਖ਼ਤਮ ਹੋਇਆ ਮੁਹਿੰਮ ਵੀ ਖ਼ਤਮ। ਸਾਲ 2015 ਵਿਚ ਨੈਸ਼ਨਲ ਗ੍ਰੀਨ ਟ੍ਰਿਬਊਨਲ (ਐਨ.ਜੀ.ਟੀ.) ਦੇ ਆਦੇਸ਼ 'ਤੇ ਜਲੰਧਰ ਵਿਚ ਮਾਡਲ ਵੈਸਟ ਮੈਨੇਜਮੈਂਟ ਪ੍ਰੋਜੈਕਟ ਲਾਗੂ ਕਰਨ ਦੀ ਨੀਤੀ ਸ਼ੁਰੂ ਹੋਈ ਅਤੇ ਅੱਜ 5 ਸਾਲ ਬਾਅਦ ਨਤੀਜਾ ਜ਼ੀਰੋ ਹੈ। ਹੁਣ ਤਕ ਵੱਖ-ਵੱਖ ਯੋਜਨਾਵਾਂ ਅਤੇ ਰੈਗੂਲਰ ਸਫਾਈ ਉੱਤੇ 15 ਕਰੋੜ ਰੁਪਏ ਤੋਂ ਜ਼ਿਆਦਾ ਖਰਚ ਹੋ ਚੁੱਕੇ ਹਨ। ਬਾਵਜੂਦ ਇਸ ਦੇ ਜਲੰਧਰ ਸ਼ਹਿਰ ਦੀਆਂ ਸੜਕਾਂ ਉੱਪਰ ਕੂੜੇ ਦੇ ਢੇਰ ਬਰਕਰਾਰ ਹਨ। ਕਪੂਰਥਲਾ ਰੋਡ 'ਤੇ ਪੁਰਾਣੇ ਕੂੜੇ ਦੇ ਡੰਪ ਨੂੰ ਖ਼ਤਮ ਕਰਨ ਲਈ 60 ਕਰੋੜ ਰੁਪਏ ਦੀ ਲਾਗਤ ਵਾਲਾ ਬਾਇਓ ਮਾਈਨਿੰਗ ਪ੍ਰੋਜੈਕਟ 3 ਸਾਲ ਤੋਂ ਫਾਈਲਾਂ ਵਿਚੋਂ ਹੀ ਬਾਹਰ ਨਹੀਂ ਆ ਪਾਇਆ। ਸਾਲਾਂ ਬਾਅਦ ਵੀ ਜਲੰਧਰ ਨਿਗਮ ਉਥੇ ਖੜ੍ਹਾ ਹੈ, ਜਿਥੇ ਉਸਨੇ ਸ਼ਹਿਰ ਨੂੰ ਸਾਫ ਕਰਨ ਦੇ ਬਾਰੇ ਵਿਚ ਸੋਚਿਆ ਸੀ। ਸਿਟੀ ਵਿਚ ਰਹਿਣ ਵਾਲੇ 3 ਲੱਖ ਪਰਿਵਾਰ ਸਾਲਾਨਾ 25 ਕਰੋੜ ਰੁਪਏ ਪ੍ਰੋਪਰਟੀ ਟੈਕਸ ਦੇ ਕੇ ਵੀ ਕੂੜਾ ਝੱਲਣ ਲਈ ਮਜਬੂਰ ਹਨ।

ਨਗਰ ਨਿਗਮ ਨੇ ਜੋ ਨਵਾਂ ਜਾਗ੍ਰਿਤੀ ਅਭਿਆਨ ਚਲਾਇਆ ਉਸ ਵਿਚ ਉਹਨਾਂ ਲੋਕਾਂ ਨੂੰ ਸਨਮਾਨਤ ਕੀਤਾ ਜਾਵੇਗਾ ਜੋ ਸਫਾਈ ਦੇ ਪ੍ਰਤੀ ਸੁਚੇਤ ਹਨ। ਸਭ ਤੋਂ ਪਹਿਲਾਂ ਖਾਦ ਬਣਾਉਣ ਦੇ ਲਾਇਕ ਕੂੜੇ ਨੂੰ ਖੁਦ ਇਸਤੇਮਾਲ ਕਰਨ ਅਤੇ ਫਿਰ ਬਚੇ ਹੋਏ ਸਾਲਿਡ ਵੇਸਟ ਨੂੰ ਸਹੀ ਹੱਥਾਂ ਤਕ ਪਹੁੰਚਾਉਣ ਦੀ ਪ੍ਰਕਿਰਿਆ ਨੂੰ ਸ਼ਹਿਰ ਦੀ ਸਫਾਈ ਦਾ ਫਾਰਮੂਲਾ ਦੱਸਿਆ ਜਾ ਰਿਹਾ ਹੈ। ਪਰੰਤੂ ਹਾਲਾਤ ਇਹ ਹਨ ਕਿ ਨੈਸ਼ਨਲ ਗ੍ਰੀਨ ਟ੍ਰਿਬਊਨਲ ਤਕ ਵਿਚ ਜਵਾਬਦੇਹੀ ਦੇ ਰਹੇ ਨਗਰ ਨਿਗਮ ਨੇ ਅੱਜ ਤਕ ਕੇਵਲ ਪ੍ਰਯੋਗ ਹੀ ਕੀਤੇ ਮਗਰ ਰਿਜਲਟ ਜ਼ੀਰੋ ਹੀ ਹਨ। ਹੁਣ 8 ਸਾਲਾਂ ਵਿਚ 5 ਪ੍ਰਯੋਗ ਹੋਏ ਜੋ ਨਾਕਾਫੀ ਸਾਬਿਤ ਹੋਏ।

**ਐਕਸਪਰਟ ਵਿਊ : ਘਰ-ਘਰ ਤੋਂ ਕੂੜਾ ਕਲੈਕਸ਼ਨ ਅਤੇ ਪ੍ਰੋਸੈਸਿੰਗ ਹੀ ਸਮੱਸਿਆ ਦਾ ਹੱਲ**

ਵੇਸਟ ਮੈਨੇਜਮੈਂਟ ਨਾ ਹੋਣ ਦਾ ਪੰਜਾਬ ਦਾ ਪਹਿਲਾ ਕੇਸ ਐਨ.ਜੀ.ਟੀ. ਵਿਚ ਲੈ ਕੇ ਜਾਣ ਵਾਲੇ ਗੌਰਵ ਜੈਨ ਕਹਿੰਦੇ ਹਨ—ਜਲੰਧਰ ਵਿਚ ਸਫਾਈ ਨਾ ਹੋਣ ਦੀ ਸਮੱਸਿਆ ਨੂੰ ਸਮਝੀਏ, ਸਭ ਤੋਂ ਵੱਡੀ ਸਮਸਿਆ ਇਹ ਹੈ ਕਿ ਕੂੜੇ ਦੀ ਪ੍ਰੋਸੈਸਿੰਗ ਹੀ ਨਹੀਂ ਹੋ ਰਹੀ। ਮਿਸਾਲ ਦੇ ਤੌਰ 'ਤੇ ਜਲੰਧਰ ਵਿਚ ਕਪੂਰਥਲਾ ਰੋਡ 'ਤੇ 15 ਸਾਲ ਪਲਾਸਟਿਕ ਅਤੇ ਦੂਸਰਾ ਸਾਲਿਡ ਕੂੜਾ ਇਕੱਠਾ ਹੁੰਦਾ ਰਿਹਾ ਹੈ। ਹੁਣ ਇਸ ਕੂੜੇ ਨੂੰ 60 ਕਰੋੜ ਰੁਪਏ ਦੀ ਲਾਗਤ ਨਾਲ ਬਾਇਓ ਮਾਈਨਿੰਗ ਕਰਕੇ ਖ਼ਤਮ ਕਰਨ ਦੀ ਯੋਜਨਾ ਬਣਾਈ ਜਾ ਰਹੀ ਹੈ। ਸਵਾਲ ਹੈ ਕਿ ਰੋਜ਼ਾਨਾ ਇਕੱਠੇ ਹੋਣ ਵਾਲੇ ਸਾਲਿਡ ਕੂੜੇ ਨੂੰ ਇੰਡਸਟ੍ਰੀਅਲ ਈਂਧਨ ਬਣਾਉਣ, ਜਲਾ ਕੇ ਬਿਜਲੀ ਬਣਾਉਣ ਦੇ ਕੰਮ ਵਿਚ ਕਿਉਂ ਨਹੀਂ ਲਿਆਇਆ ਜਾਂਦਾ? ਦੂਸਰੀ ਸਮੱਸਿਆ ਇਹ ਹੈ ਕਿ ਸਭ ਤੋਂ ਪਹਿਲਾਂ ਘਰਾਂ ਤੋਂ ਕੂੜਾ ਲੈ ਕੇ ਸੜਕਾਂ ਦੇ ਕਿਨਾਰੇ ਜਮ੍ਹਾਂ ਕੀਤਾ ਜਾਂਦਾ ਹੈ ਅਤੇ ਫਿਰ ਹੌਲੀ-ਹੌਲੀ ਗਤੀ ਨਾਲ ਉਠਾਇਆ ਜਾਂਦਾ ਹੈ।

ਨਗਰ ਨਿਗਮ ਅਤੇ ਨਗਰ ਕੌਂਸਲ ਦੇ ਕੋਲ ਮਸ਼ੀਨਰੀ ਦੀ ਘਾਟ ਹੈ। ਇੰਦੌਰ ਅਤੇ ਪੂੰਨੇ ਜਿਹੇ ਸ਼ਹਿਰਾਂ ਵਿਚ ਕੂੜਾ ਸਿੱਧਾ ਘਰਾਂ ਤੋਂ ਲਿਆ ਕੇ ਟਰੱਕਾਂ ਵਿਚ ਲੱਦ ਕੇ ਡੰਪ 'ਤੇ ਲੈ ਕੇ ਜਾਂਦੇ ਹਨ। ਇਨ੍ਹਾਂ ਸ਼ਹਿਰਾਂ ਨੇ ਕੂੜੇ ਨੂੰ ਪ੍ਰੈਸ ਕਰਨ ਵਾਲੀ ਮਸ਼ੀਨ ਖਰੀਦੀ ਅਤੇ ਇੰਨੇ ਸੰਸਾਧਨ ਜੁਟਾਉਣ ਦੀ ਸਵੇਰੇ ਹੋਣ ਤੋਂ ਪਹਿਲਾਂ ਸ਼ਹਿਰ ਸਾਫ ਕਰ ਦਿੱਤਾ ਜਾਂਦਾ ਹੈ। ਇਕ ਵਾਰ ਨਗਰ ਨਿਗਮ ਦੇ ਕਰਮਚਾਰੀ ਕੂੜਾ ਉਠਾਉਣ ਦੇ ਬਾਅਦ ਲੋਕ ਦੁਬਾਰਾ ਸੜਕਾਂ 'ਤੇ ਨਹੀਂ ਡੇਗਦੇ। ਅਸੀਂ ਨੈਸ਼ਨਲ ਗ੍ਰੀਨ ਟ੍ਰਿਬਊਨਲ ਵਿਚ ਮਾਮਲਾ ਰੱਖਿਆ।

ਇਸ ਦੇ ਬਾਅਦ ਜਲੰਧਰ ਨਗਰ ਨਿਗਮ ਅਤੇ ਆਸਪਾਸ ਦੀ ਨਗਰ ਕੌਂਸਲ ਉਪਰ ਆਧਾਰਿਤ ਮਾਡਲ ਸਾਲਿਡ ਵੇਸਟ ਮੈਨੇਜਮੈਂਟ ਪ੍ਰੋਜੈਕਟ ਤਿਆਰ ਕੀਤਾ ਗਿਆ ਮਗਰ ਉਸ ਨੂੰ ਲਾਗੂ ਕਰਵਾਉਣ ਲਈ ਲੋਕਾਂ ਤੇ ਕਰਮਚਾਰੀ ਸੰਗਠਨਾਂ ਨੂੰ ਸਰਕਾਰ ਸੰਤੁਸ਼ਟ ਨਹੀਂ ਕਰ ਪਾਈ।

**ਮੇਅਰ ਨੇ ਕਿਹਾ—ਸਾਲਿਡ ਵੇਸਟ ਮੈਨੇਜਮੈਂਟ 'ਤੇ ਵਿਆਪਕ ਕੰਮ ਹੋ ਰਿਹਾ ਹੈ, ਚੰਗੇ ਨਤੀਜੇ ਆਉਣਗੇ**

ਮੇਅਰ ਰਾਜਾ ਨੇ ਕਿਹਾ—ਪ੍ਰਾਈਵੇਟ ਕੰਟ੍ਰੈਕਟ ਨਾਲ ਗੱਡੀਆਂ ਲੈਣ ਲਈ ਟੈਂਡਰਿੰਗ ਕਰ ਦਿੱਤੀ ਗਈ ਹੈ। ਕਪੂਰਥਲਾ ਰੋਡ 'ਤੇ ਸ਼ਹਿਰ ਦੇ ਡੰਪ ਵਿਚ ਕੂੜਾ ਖ਼ਤਮ ਕਰਨ ਦੇ ਬਾਅਦ ਇਥੇ ਕੂੜੇ ਦੀ ਪ੍ਰੋਸੈਸਿੰਗ ਲਈ ਪ੍ਰੋਜੈਕਟ ਲਗਾਵਾਂਗੇ। ਦੂਸਰੀ ਗੱਲ ਇਹ ਹੈ ਕਿ ਸ਼ਹਿਰ ਦੇ ਲੋਕਾਂ ਦਾ ਸਫਾਈ ਦੇ ਪ੍ਰਤੀ ਸੈਂਸਟਿਵ ਹੋਣਾ ਬਹੁਤ ਜ਼ਰੂਰੀ ਹੈ। ਮੇਅਰ ਜਗਦੀਸ਼ ਰਾਜ ਰਾਜਾ ਨੇ ਕਿਹਾ ਕਿ ਕੇਂਦਰ ਸਰਕਾਰ ਦੀ ਅੰਮ੍ਰਿਤ ਯੋਜਨਾ ਦੇ ਤਹਿਤ ਅਸੀਂ ਸਫਾਈ ਸਿਸਟਮ ਲਈ ਨਵੇਂ ਵਾਹਨ ਖਰੀਦਾਂਗੇ। ਵਰਮੀ ਕੰਪੋਸਟ ਤਿਆਰ ਕਰਕੇ ਕਿਚਨ ਵੇਸਟ ਨੂੰ ਖਤਮ ਕਰਨ ਦੇ ਪ੍ਰੋਜੈਕਟ ਉੱਤੇ ਕੰਮ ਚਲ ਰਿਹਾ ਹੈ।

**ਇਹ ਇਕ ਚੰਗੀ ਯੋਜਨਾ ਸੀ..... ਕੂੜਾ ਅੰਡਰਗਰਾਊਂਡ ਕਰਨ ਦੀ ਯੋਜਨਾ ਖੁਦ ਅੰਡਰਗਰਾਊਂਡ**

ਸੜਕ ਕਿਨਾਰੇ ਕੂੜਾ ਨਾ ਦਿਖਾਈ ਦੇਵੇ, ਇਸ ਲਈ ਸਾਬਕਾ ਮੇਅਰ ਸੁਨੀਲ ਜਯੋਤੀ ਨੇ 2017 ਵਿਚ ਜਿਹੜੀ ਯੋਜਨਾ ਬਣਾਈ ਸੀ। ਇਸਦੇ ਤਹਿਤ ਅੰਡਰਗਰਾਊਂਡ ਡੰਪ ਵਿਚ ਕੂੜਾ ਸੁੱਟਿਆ ਜਾਣਾ ਸੀ। 20 ਲੱਖ ਰੁਪਏ ਖਰਚ ਕਰਕੇ ਕੇ.ਐਮ.ਵੀ. ਕਾਲਜ ਅਤੇ ਟੀ.ਵੀ. ਸੈਂਟਰ ਦੇ ਕੋਲ ਦੋ ਡੰਪ ਬਣਾਏ ਵੀ ਗਏ, ਲੇਕਿਨ ਇਨ੍ਹਾਂ ਅੰਡਰਗਰਾਊਂਡ ਡੰਪ ਤੋਂ ਕੂੜਾ ਕੱਢਣ ਲਈ ਸਪੈਸ਼ਲ ਕ੍ਰੇਨਾਂ ਹਾਲੇ ਤਕ ਨਹੀਂ ਖਰੀਦੀਆਂ ਜਾ ਸਕੀਆਂ। ਮੇਅਰ ਰਾਜਾ ਨੇ ਕਿਹਾ ਕਿ ਅੰਡਰਗਰਾਊਂਡ ਡੰਪ ਤੋਂ ਕੂੜਾ ਕੱਢਣਾ ਜ਼ਿਆਦਾ ਮਹਿੰਗਾ ਪੈਂਦਾ ਹੈ। ਇਸ ਲਈ ਬੰਦ ਕਰਵਾ ਦਿੱਤਾ।

**400 ਮੀਟ੍ਰਿਕ ਟਨ ਕਚਰਾ ਰੋਜ਼ ਨਿਕਲਦਾ ਹੈ...**

1. ਨਗਰ ਨਿਗਮ ਦੇ ਕੂੜਾ ਉਠਾਉਣ ਵਾਲੇ ਟਰੱਕ ਕੰਡਮ ਹੋ ਚੁੱਕੇ ਹਨ। ਰੋਜ਼ਾਨਾ 400 ਮੀਟ੍ਰਿਕ ਟਨ ਕੂੜਾ ਉਠਾਉਣ ਲਈ ਮਸ਼ੀਨਰੀ ਘੱਟ ਹੈ, ਜਿਸ ਕਾਰਨ ਦੁਪਹਿਰ ਦਾ 1 ਵੱਜ ਜਾਂਦਾ ਹੈ ਸਫਾਈ ਕਰਦੇ-ਕਰਦੇ।

2. ਨਵੀਆਂ ਕਾਲੋਨੀਆਂ ਵਿਚ ਕੂੜਾ ਉਠਾਉਣ ਦੇ ਇੰਤਜ਼ਾਮ ਬਹੁਤ ਘੱਟ ਹਨ। ਨਗਰ ਨਿਗਮ ਵਧੀ ਜ਼ਰੂਰਤ ਦੇ ਅਨੁਸਾਰ ਸੰਸਾਧਨ ਨੂੰ ਵਿਸਤਾਰ ਨਹੀਂ ਦੇ ਪਾਇਆ ਹੈ। ਪੁਰਾਣੇ ਮੁਹੱਲਿਆਂ ਵਿਚ ਨਵਾਂ ਸਾਲਿਡ ਵੇਸਟ ਮੈਨੇਜਮੈਂਟ ਸਿਸਟਮ ਲਾਗੂ ਕਰਨਾ ਮੁਸ਼ਕਿਲ ਸੀ।

**ਯੋਜਨਾਵਾਂ ਨਾ ਲਾਗੂ ਹੋਣ ਦੇ 2 ਕਾਰਨ**

1. ਰਾਜਨੀਤਿਕ ਇੱਛਾ ਸ਼ਕਤੀ ਦੀ ਘਾਟ। ਜਨ ਪ੍ਰਤੀਨਿਧੀ ਆਪਣੇ ਆਪਣੇ ਇਲਾਕੇ ਵਿਚ ਕੂੜੇ ਦਾ ਪਲਾਂਟ ਨਹੀਂ ਲੱਗਣ ਦੇਣਾ ਚਾਹੁੰਦੇ। ਉਹ ਲੋਕਾਂ ਦੀ ਨਾਰਾਜ਼ਗੀ ਮੁੱਲ ਨਹੀਂ ਲੈਣਾ ਚਾਹੁੰਦੇ। ਪਰੰਤੂ ਸਮੱਸਿਆ ਦਾ ਵਿਕਲਪ ਵੀ ਨਹੀਂ ਦੇ ਪਾਏ।

2. ਨਗਰ ਨਿਗਮ ਦੀ ਸੋਚ ਕੇਵਲ ਸਫਾਈ ਦੀ ਰਾਸ਼ਟਰੀ ਰੈਂਕਿੰਗ ਵਿਚ ਸੁਧਾਰ ਲਈ ਜਾਗ੍ਰਤੀ ਅਭਿਆਨ ਚਲਾਉਣ ਤਕ ਸੀਮਿਤ ਰਹਿ ਗਈ ਹੈ ਅਤੇ ਇਹ ਅਭਿਆਨ ਉਦੋਂ ਚਲਦੇ ਹਨ ਜਦੋਂ ਸਰਵੇ ਸ਼ੁਰੂ ਹੁੰਦਾ ਹੈ।

**ਅਤੇ ਹੁਣ.... 'ਮੇਰਾ ਕੂੜਾ ਮੇਰੀ ਜ਼ਿੰਮੇਵਾਰੀ'**

ਨਵੀਂ ਸਵੱਛਤਾ ਰੈਂਕਿੰਗ ਦਾ ਸਰਵੇ ਸ਼ੁਰੂ ਹੁੰਦੇ ਹੀ ਮੰਗਲਵਾਰ ਨੂੰ ਨਗਰ ਨਿਗਮ ਨੇ 'ਮੇਰਾ ਕੂੜਾ ਮੇਰੀ ਜ਼ਿੰਮੇਦਾਰੀ' ਜਾਗ੍ਰਤੀ ਅਭਿਆਨ ਸ਼ੁਰੂ ਕਰ ਦਿੱਤਾ ਹੈ। ਇਹ ਅਭਿਆਨ ਅਕਤੂਬਰ ਤਕ ਚਲੇਗਾ ਕਿਉਂਕਿ ਨਵੇਂ ਸਵੱਛਤਾ ਸਰਵੇ ਵਿਚ ਇਹ ਦੇਖਿਆ ਜਾਣਾ ਹੈ ਕਿ ਕਿਸੇ ਸ਼ਹਿਰ ਵਿਚ ਸਫਾਈ ਨੂੰ ਲੈ ਕੇ ਉਥੇ ਦੇ ਬਾਸ਼ਿੰਦੇ ਕਿੰਨੇ ਜ਼ਿੰਮੇਦਾਰ ਹਨ। ਅਭਿਆਨ ਵਿਚ ਨਿਗਮ ਉਹਨਾਂ ਲੋਕਾਂ ਨੂੰ ਸਨਮਾਨਿਤ ਕਰੇਗਾ, ਜੋ ਕੂੜੇ ਦਾ ਇਸਤੇਮਾਲ ਅਤੇ ਇਸਨੂੰ ਖ਼ਤਮ ਕਰਨ ਲਈ ਕੰਮ ਕਰ ਰਹੇ ਹਨ। ਸਭ ਤੋਂ ਪਹਿਲਾਂ ਖਾਦ ਬਣਾਉਣ ਲਾਇਕ ਕੂੜੇ ਨੂੰ ਖੁਦ ਇਸਤੇਮਾਲ ਕਰਨ ਅਤੇ ਫਿਰ ਬਚੇ ਹੋਏ ਸਾਲਿਡ ਵੇਸਟ ਨੂੰ ਸਹੀ ਹੱਥਾਂ ਤਕ ਪਹੁੰਚਾਉਣ ਦੀ ਪ੍ਰਕਿਰਿਆ ਨੂੰ ਸ਼ਹਿਰ ਦੀ ਸਫਾਈ ਦਾ ਫਾਰਮੂਲਾ ਦੱਸਿਆ ਜਾ ਰਿਹਾ ਹੈ।

**1. ਸ਼ਹਿਰ ਤੋਂ ਕੂੜਾ ਇਕੱਠਾ ਕਰਕੇ ਬਿਜਲੀ ਬਣਾਉਣ ਦਾ ਪ੍ਰੋਜੈਕਟ**

* ਸਾਬਕਾ ਮੇਅਰ ਸੁਨੀਲ ਜਯੋਤੀ ਨੇ 2012-2015 ਤਕ ਦੀ ਪਲਾਨਿੰਗ, ਜਮਸ਼ੇਰ ਵਿਚ ਲੱਗਣਾ ਸੀ ਪ੍ਰੋਜੈਕਟ।

**ਨਤੀਜਾ :** ਪ੍ਰੋਜੈਕਟ ਲਾਗੂ ਕਰਕੇ ਵਿਧਾਨ ਸਭਾ ਚੋਣ ਵਿਚ ਰੋਕ ਦਿੱਤਾ ਗਿਆ। ਕੰਮ ਸ਼ੁਰੂ ਤਕ ਨਹੀਂ ਹੋਇਆ।

**2. ਅੰਡਰ ਗ੍ਰਾਊਂਡ ਡੰਪ ਬਣਾਉਣ ਦਾ ਪ੍ਰੋਜੈਕਟ ਤਾਂਕਿ ਕੂੜਾ ਨਾ ਦਿਖੇ**

* 2017 ਵਿਚ ਜਯੋਤੀ ਇਹ ਕੰਸੈਪਟ ਲਿਆਏ। 20 ਲੱਖ ਖਰਚੇ। ਕੇ.ਐਮ.ਵੀ., ਟੀ.ਵੀ. ਸੈਂਟਰ ਦੇ ਕੋਲ ਬਣਾਇਆ ਡੰਪ।

**ਨਤੀਜਾ :** ਸਪੈਸ਼ਲ ਕ੍ਰੇਨਾਂ ਹੀ ਨਹੀਂ ਖਰੀਦ ਸਕੇ ਸਾਬਕਾ ਮੇਅਰ। ਜ਼ਿਆਦਾ ਖਰਚ ਦੀ ਵਜ੍ਹਾ ਨਾਲ ਮੇਅਰ ਨੇ ਬੰਦ ਕਰਵਾਇਆ।

**3. ਵਰਿਆਣਾ ਡੰਪ 'ਤੇ ਬਾਇਓ ਮਾਈਨਿੰਗ ਪ੍ਰੋਜੈਕਟ**

* ਸਮਾਰਟ ਸਿਟੀ ਦੇ ਤਹਿਤ 60 ਕਰੋੜ ਦੀ ਲਾਗਤ ਨਾਲ ਨਵਾਂ ਬਾਇਓ ਮਾਈਨਿੰਗ ਪ੍ਰੋਜੈਕਟ ਲੱਗਣਾ ਹੈ।

**ਨਤੀਜਾ :** ਪਲਾਨਿੰਗ ਹਾਲੇ ਸਿਰਫ਼ ਫਾਈਲਾਂ ਵਿਚ। ਮਈ 2020 ਵਿਚ ਲੱਗੇ ਟੈਂਡਰ 'ਤੇ ਕੰਮ ਸ਼ੁਰੂ ਨਹੀਂ।

**4. ਪ੍ਰੋਸੈਸਿੰਗ ਪਲਾਂਟ : ਹਰ ਹਲਕੇ ਵਿਚ ਖਾਦ ਬਣਾਉਣ ਦੀ ਸੀ ਯੋਜਨਾ**

* ਮੇਅਰ ਰਾਜਾ ਨੇ ਮਾਰਚ-2018 ਵਿਚ ਸਾਰੇ ਵਿਧਾਨ ਸਭਾ ਹਲਕਿਆਂ ਵਿਚ ਪਲਾਂਟ ਲਗਾਉਣ ਦੀ ਯੋਜਨਾ ਬਣਾਈ।

**ਨਤੀਜਾ :** ਸਿਰਫ਼ ਰਾਮਾਮੰਡੀ ਕੰਪੋਸਟ ਪਲਾਂਟ ਬਣਿਆ। ਕੁਝ ਲੋਕਾਂ ਦੇ ਵਿਰੋਧ ਦੇ ਚਲਦੇ ਯੋਜਨਾ ਫੇਲ।

**5. ਹਰ ਘਰ ਵਿਚ 2-2 ਡਸਟਬਿਨ ਦੇਣ ਦਾ ਆਇਆ ਸੀ ਪ੍ਰਸਤਾਵ**

* ਮਈ 2019 ਵਿਚ ਗਿੱਲਾ-ਸੁੱਕਾ ਕੂੜਾ ਅਲਗ ਕਰਨ ਲਈ ਹਰ ਘਰ ਵਿਚ ਦੇਣੇ ਸਨ 2-2 ਡਸਟਬਿਨ।

**ਨਤੀਜਾ :** ਪ੍ਰਸਤਾਵ ਤੋਂ ਪਾਸ ਕਰ ਦਿੱਤਾ ਪਰ ਡਸਟਬਿਨ ਖਰੀਦਣ ਲਈ ਪੈਸੇ ਨਹੀਂ ਜੁਟਾ ਪਾਏ।

# ਨਿਗਮ ਦੀ ਵਰਕਿੰਗ ਦੇ ਦੋ ਚਿਹਰੇ, ਰਸੂਖਦਾਰਾਂ ਦੇ ਕਹਿਣ 'ਤੇ ਤੁਰੰਤ ਐਕਸ਼ਨ, ਆਮ ਆਦਮੀ ਛੋਟੇ-ਛੋਟੇ ਕੰਮ ਲਈ ਵੀ ਸਾਲਾਂ ਤਕ ਭਟਕਦਾ ਰਹਿੰਦਾ ਹੈ

### ਸਾਂਸਦ ਚੌਧਰੀ ਨੇ ਘਰ ਦੇ ਬਾਹਰ ਸਪੀਡ ਬ੍ਰੇਕਰ ਲਗਵਾਏ, ਵਾਹਨਾਂ ਦੀ ਆਵਾਜ਼ ਨਾਲ ਨੀਂਦ ਵਿਚ ਖਲਲ ਪਿਆ ਤਾਂ ਹਟਵਾਏ

ਜਲੰਧਰ—ਇਕ ਪਾਸੇ ਨਿਗਮ ਵਿਚ ਫੰਡ ਦੀ ਘਾਟ ਹਮੇਸ਼ਾ ਮੁੱਦਾ ਬਣੀ ਰਹਿੰਦੀ ਹੈ, ਉਹੀ ਪੈਸੇ ਦੀ ਬਰਬਾਦੀ ਵੀ ਹੋ ਰਹੀ ਹੈ। ਤਾਜਾ ਮਾਮਲਾ ਸਾਂਸਦ ਚੌਧਰੀ ਸੰਤੋਖ ਸਿੰਘ ਨਾਲ ਜੁੜਿਆ ਹੈ। ਸਾਂਸਦ ਦੀ ਕੋਠੀ ਮਹਾਵੀਰ ਮਾਰਗ 'ਤੇ ਨਿਊ ਵਿਜੈ ਨਗਰ ਵਿਚ ਹੈ। ਜਿੱਥੇ ਦਿਨ-ਰਾਤ ਟ੍ਰੈਫਿਕ ਰਹਿੰਦਾ ਹੈ। ਹਾਲ ਹੀ ਵਿਚ ਸਾਂਸਦ ਨੇ ਨਿਗਮ ਪ੍ਰਸ਼ਾਸਨ ਨੂੰ ਕਿਹਾ ਕਿ ਤੇਜ ਰਫਤਾਰ ਦੇ ਕਾਰਨ ਹੋਣ ਵਾਲੇ ਕਿਸੇ ਹਾਦਸੇ ਤੋਂ ਬਚਣ ਲਈ ਸਪੀਡ ਬ੍ਰੇਕਰ ਦਾ ਇੰਤਜ਼ਮ ਕਰੋ। ਸਾਂਸਦ ਦੀ ਮੰਗ 'ਤੇ ਨਿਗਮ ਪ੍ਰਸ਼ਾਸਨ ਨੇ ਤੁਰੰਤ ਖ਼ਰਚ ਕਰਕੇ ਕੋਠੀ ਤੋਂ ਥੋੜ੍ਹੀ ਦੂਰੀ 'ਤੇ ਥਰਮੋ ਪਲਾਸਟਿਕ ਪੇਂਟ ਵਾਲੀ 10 ਐਮ.ਐਮ. ਮੋਟਾਈ ਵਾਲੇ 6 ਸਟ੍ਰਿਪ ਲਗਵਾਈ ਤਾਂਕਿ ਵਾਹਨ ਚਾਲਕਾਂ ਨੂੰ ਸਪੀਡ ਘੱਟ ਕਰਨੀ ਪਵੇ। ਇਸਨੂੰ ਆਮ ਭਾਸ਼ਾ ਵਿਚ ਸਪੀਡ ਬ੍ਰੇਕਰ ਕਹਿੰਦੇ ਹਾਂ। ਇਸ ਨਾਲ ਸਾਂਸਦ ਨੂੰ ਰਾਹਤ ਦੀ ਬਜਾਏ ਮੁਸੀਬਤ ਜ਼ਿਆਦਾ ਹੋ ਗਈ। ਵਾਪਿਸ ਨਿਗਮ ਦੇ ਬੀ. ਐਂਡ ਆਰ. ਬ੍ਰਾਂਚ ਦੇ ਐਸ.ਈ ਨੂੰ ਕਿਹਾ ਗਿਆ ਕਿ ਸਪੀਡ ਬ੍ਰੇਕਰ ਹਟਾ ਦਿਓ। ਕਾਰਣ ਸਾਂਸਦ ਦਾ ਕਮਰਾ ਪਹਿਲੀ ਮੰਜ਼ਿਲ 'ਤੇ ਰੋਡ ਸਾਈਡ ਵਿਚ ਹੈ। ਜਿੱਥੇ ਰਾਤ ਦੇ ਸੰਨਾਟੇ ਵਿਚ ਵਾਹਨਾਂ ਦੇ ਬ੍ਰੇਕਰ ਉੱਪਰ ਲੰਘਣ ਦੇ ਦੌਰਾਨ ਹੋਣ ਵਾਲੀ ਆਵਾਜ਼ ਨਾਲ ਨੀਂਦ ਪੂਰੀ ਨਹੀਂ ਹੋ ਰਹੀ। ਟਰੈਕਟਰ ਟਰਾਲੀ ਲੰਘਣ ਤੇ ਹਾਲਤ ਹੋਰ ਜ਼ਿਆਦਾ ਦੁਖਦਾਈ ਹੁੰਦੀ ਹੈ। ਸਾਂਸਦ ਦੇ ਨਿਰਦੇਸ਼ 'ਤੇ ਥਰਮੋ ਪਲਾਸਟਿਕ ਪੇਂਟ ਦੀ ਲੇਅਰ 2 ਦਿਨਾਂ ਵਿਚ ਉਖਾੜੀ ਗਈ। ਐਸ.ਈ. ਰਜਨੀਸ਼ ਡੋਗਰਾ ਨੇ ਕਿਹਾ ਕਿ ਇਸ ਨੂੰ ਲਗਾਉਣ ਤੋਂ ਜ਼ਿਆਦਾ ਮੁਸ਼ਕਿਲ ਉਖਾੜਨਾ ਹੈ। ਜਨਰੇਟਰ ਦਾ ਇੰਤਜ਼ਾਮ ਕਰਕੇ ਡ੍ਰਿਲ ਨਾਲ 2 ਦਿਨ ਮਿਹਨਤ ਕਰਕੇ ਹਟਾਈ ਗਈ ਇਸ 'ਤੇ ਲਗਭਗ 20 ਹਜ਼ਾਰ ਰੁਪਏ ਖਰਚ ਆਏ। ਪੂਰੇ ਮਾਮਲੇ ਨਾਲ ਇਕ ਗੱਲ ਸਾਫ਼ ਹੋ ਗਈ ਹੈ ਕਿ ਰਸੂਖਦਾਰਾਂ ਦੇ ਕਹਿਣ 'ਤੇ ਨਿਗਮ ਅਫ਼ਸਰ ਤੁਰੰਤ ਐਕਸ਼ਨ ਲੈਂਦੇ ਹਨ ਪਰ ਟੁੱਟੀਆਂ ਸੜਕਾਂ, ਠੱਪ ਸੀਵਰੇਜ ਦੇ ਮੁੱਦੇ ਉਠਾਉਣ ਵਾਲੇ ਲੋਕ ਅਤੇ ਕੌਂਸਲਰ ਕਿੰਨੇ ਪਾਵਰਲੈਸ ਹਨ।

**ਸਾਂਸਦ ਦਾ ਜਵਾਬ : ਗ਼ਲਤ ਜਗ੍ਹਾ ਸਪੀਡ ਬ੍ਰੇਕਰ ਬਣਾਇਆ, ਇਲਾਕੇ ਦੇ ਪ੍ਰੇਸ਼ਾਨ ਸਨ**

ਸਾਂਸਦ ਚੌਧਰੀ ਸੰਤੋਖ ਸਿੰਘ ਨੇ ਦੱਸਿਆ ਕਿ ਨਿਗਮ ਨੇ ਗ਼ਲਤ ਜਗ੍ਹਾ 'ਤੇ ਸਪੀਡ ਬਰੇਕਰ ਬਣਾ ਦਿੱਤਾ ਸੀ। ਸੜਕ ਦੇ ਦੋਵੇਂ ਪਾਸੇ ਰਿਹਾਇਸ਼ੀ ਮਕਾਨ ਹਨ, ਜੋ ਰਾਤ ਨੂੰ ਹੋਣ ਵਾਲੀ ਆਵਾਜ਼ ਤੋਂ ਪਰੇਸ਼ਾਨ ਸਨ। ਉਹ ਲੋਕ ਇਕੱਠੇ ਹੋ ਕੇ ਮੇਰੇ ਕੋਲ ਆਏ ਸਨ, ਜਿਨ੍ਹਾਂ ਦੀ ਪਰੇਸ਼ਾਨੀ ਨੂੰ ਦੂਰ ਕਰਨ ਲਈ ਉਸਨੂੰ ਤੋੜਣ ਨੂੰ ਕਿਹਾ ਗਿਆ।

**ਮੇਅਰ ਨੇ ਕਿਹਾ : ਸਪੀਡ ਬਰੇਕਰ ਤੋੜਣ ਦਾ ਪਤਾ ਨਹੀਂ, ਰਿਪੋਰਟ ਲਵਾਂਗਾ**

ਮੇਅਰ ਜਗਦੀਸ਼ ਰਾਜਾ ਦਾ ਕਹਿਣਾ ਹੈ ਕਿ ਮਹਾਵੀਰ ਮਾਰਗ 'ਤੇ ਅੱਪ ਅਤੇ ਡਾਊਨ ਲੇਨ 'ਤੇ ਅਜਿਹੇ ਦਰਜਨ ਸਪੀਡ ਬਰੇਕਰ ਬਣਾਏ ਗਏ ਹਨ। ਸਾਂਸਦ ਦੇ ਘਰ ਦੇ ਨੇੜੇ ਸਪੀਡ ਬਰੇਕਰ ਬਣਾ ਕੇ ਫਿਰ ਨੂੰ ਤੋੜਣ ਬਾਰੇ ਜਾਣਕਾਰੀ ਨਹੀਂ ਹੈ। ਐਸ.ਸੀ. ਤੋਂ ਇਸ ਦੀ ਰਿਪੋਰਟ ਲਵਾਂਗਾ।

## ਜਲੰਧਰ 'ਚ ਰਹਿਣ ਵਾਲੇ ਭਰਾ ਨੇ ਐਨ.ਆਰ.ਆਈ. ਭਰਾ ਦੀ ਕਰੋੜਾਂ ਰੁਪਏ ਦੀ ਜ਼ਮੀਨ ਕਥਿਤ ਤੌਰ 'ਤੇ ਹੜੱਪੀ

**ਜਲੰਧਰ**—ਮੈਂ ਇੰਦਰਜੀਤ ਸਿੰਘ ਪੱਡਾ ਮੇਰੇ ਪਿਤਾ ਦਾ ਨਾਂ ਬੱਗਾ ਸਿੰਘ ਪੱਡਾ ਨਿਵਾਸੀ ਲੱਖਣ ਕਾ ਪੱਡਾ, ਜ਼ਿਲ੍ਹਾ ਕਪੂਰਥਲਾ ਹੈ। ਮੈਂ ਪਿਛਲੇ 30 ਸਾਲਾਂ ਤੋਂ ਕੈਲੀਫੋਰਨੀਆ (ਯੂ.ਐਸ.ਏ.) ਵਿਚ ਰਹਿ ਰਿਹਾ ਹਾਂ। ਅਸੀਂ ਤਿੰਨ ਭੈਣ ਭਰਾ ਹਾਂ, ਮੇਰੇ ਛੋਟੇ ਭਰਾ ਦਾ ਨਾਂ ਕਮਲਜੀਤ ਸਿੰਘ, ਉਮਰ 59, ਨਿਵਾਸੀ 560, ਮੋਤਾ ਸਿੰਘ ਨਗਰ ਜਲੰਧਰ ਹੈ ਤੇ ਭੈਣ ਦਾ ਨਾਂ ਅਮਰਜੀਤ ਕੌਰ ਨਿਵਾਸੀ ਦਿੱਲੀ ਹੈ। ਮੇਰੇ ਵਿਦੇਸ਼ ਅਤੇ ਭੈਣ ਦੇ ਦਿੱਲੀ ਰਹਿਣ ਦੇ ਕਾਰਣ ਸਾਡੀ ਜਿੱਦੀ ਜ਼ਮੀਨ ਜੋ ਕਿ ਕਪੂਰਥਲਾ ਦੇ ਭੁਲੱਥ ਵਿਚ 40 ਏਕੜ ਹੈ, ਜਿਸ ਵਿਚ ਇਕ ਭੱਠਾ ਅਤੇ ਇਕ ਕੋਠੀ ਹੈ ਜਿਸਦੀ ਲਾਗਤ ਕਰੀਬਨ 20 ਕਰੋੜ ਰੁਪਏ ਹੈ ਅਤੇ ਕੋਠੀ ਨੰਬਰ 560 ਮੋਤਾ ਸਿੰਘ ਨਗਰ ਜਲੰਧਰ ਦੀ ਦੇਖਭਾਲ ਲਈ ਦਿੱਤਾ ਜਿਸਦੀ ਕੀਮਤ ਲਗਭਗ 2.5 ਕਰੋੜ ਰੁਪਏ ਹੈ। ਪਰ ਮੇਰੇ ਭਰਾ ਕਮਲਜੀਤ ਸਿੰਘ ਨੇ ਮੇਰੀ ਅਤੇ ਮੇਰੀ ਭੈਣ ਅਮਰਜੀਤ ਕੌਰ ਨੂੰ ਮੇਰੇ ਪਿਤਾ ਬੱਗਾ ਸਿੰਘ ਪੱਡਾ ਦੀ ਮੌਤ ਤੋਂ 4 ਦਿਨ ਪਹਿਲਾਂ 24 ਫਰਵਰੀ 2001 ਨੂੰ ਫਰਜ਼ੀ ਵਸੀਅਤ ਕਥਿਤ ਤੌਰ 'ਤੇ ਤਿਆਰ ਕਰਕੇ ਆਪਣੇ ਨਾਮ ਕਰਵਾ ਲਿਆ ਸੀ।

ਜਦੋਂ ਮੈਂ ਨਵੰਬਰ 2018 ਵਿਚ ਦੇਸ਼ ਵਾਪਸ ਆਇਆ, ਫਰਵਰੀ 2019 ਵਿਚ ਮੈਨੂੰ ਪਤਾ ਚੱਲਿਆ ਕਿ ਮੇਰੇ ਭਰਾ ਕਮਲਜੀਤ ਸਿੰਘ ਨੇ ਮੇਰੀ ਭੈਣ ਅਮਰਜੀਤ ਕੌਰ ਅਤੇ ਮੇਰੀ ਸਾਰੀ ਜ਼ਮੀਨ ਉਸ ਝੂਠੀ ਵਸੀਅਤ ਦੇ ਸਹਾਰੇ 2013 ਵਿਚ ਆਪਣੇ ਨਾਮ ਕਰਵਾ ਲਈ ਉਸ ਤੋਂ ਬਾਅਦ ਜਦੋਂ ਮੈਂ ਉਸ ਨਾਲ ਗੱਲ ਕੀਤੀ ਤਾਂ ਮਾਰਚ 2019 ਵਿਚ ਮੇਰੇ ਭਰਾ ਕਮਲਜੀਤ ਸਿੰਘ ਅਤੇ ਉਸਦੇ ਪੁੱਤਰ ਜੈਦੀਪ ਸਿੰਘ ਨੇ 5 ਦੋਸਤਾਂ ਨਾਲ ਮਿਲਕੇ ਮੈਨੂੰ ਕੁੱਟਿਆ ਅਤੇ ਧਮਕੀ ਦਿੱਤੀ ਕਿ ਜੇ ਤੁਸੀਂ ਜਾਇਦਾਦ ਦੀ ਗੱਲ ਕਰੋ ਤਾਂ ਮੈਂ ਤੁਹਾਨੂੰ ਮਾਰ ਦੇਵਾਂਗਾ। ਮੇਰੀ ਰਾਜਨੀਤਿਕ ਪਹੁੰਚ ਹੈ। ਇਸ ਸੰਬੰਧ ਵਿਚ ਮੈਂ ਇਕ ਮਹੀਨਾ ਪਹਿਲਾਂ ਕਪੂਰਥਲਾ ਦੇ ਐਸ.ਐਸ.ਪੀ. ਨੂੰ ਇਕ ਸ਼ਿਕਾਇਤ ਦਰਜ ਕਰਵਾਈ ਹੈ ਜਿਸਦੀ ਐਂਟੀ ਫਰਾਡ ਵਿਚ ਜਾਂਚ ਚਲ ਰਹੀ ਹੈ।

ਹੁਣ ਮੈਨੂੰ ਚਿੰਤਾ ਹੈ ਕਿ ਸ਼ਾਇਦ ਮੇਰਾ ਭਰਾ ਕਮਲਜੀਤ ਸਿੰਘ ਮੈਨੂੰ ਮਾਰ ਦੇਵੇਗਾ, ਜਿਸਦੀ ਜ਼ਿੰਮੇਵਾਰੀ ਮੇਰੇ ਭਰਾ ਦੀ ਹੋਵੇਗੀ। ਮੈਂ ਇਕ ਐਨ.ਆਰ.ਆਈ. ਹਾਂ, ਮੈਨੂੰ ਆਪਣੇ ਦੇਸ਼ ਦੇ ਕਾਨੂੰਨ 'ਤੇ ਪੂਰਾ ਭਰੋਸਾ ਹੈ ਅਤੇ ਮੈਨੂੰ ਪੂਰੀ ਉਮੀਦ ਹੈ ਕਿ ਇਨਸਾਫ਼ ਮਿਲੇਗਾ ਪਰ ਮੈਂ ਮੀਡੀਆ ਸਾਹਮਣੇ ਇਸ ਕਰਕੇ ਪੇਸ਼ ਹੋਇਆ ਹਾਂ ਕਿਉਂਕਿ ਮੇਰਾ ਭਰਾ ਮੈਨੂੰ ਮਾਰ ਸਕਦਾ ਹੈ, ਇਸ ਲਈ ਮੈਂ ਤੁਹਾਡੇ ਸਾਰੀਆਂ ਰਾਹੀਂ ਪੰਜਾਬ ਸਰਕਾਰ ਅਤੇ ਕਪੂਰਥਲਾ ਪੁਲਿਸ ਨੂੰ ਅਪੀਲ ਕਰਦਾ ਹਾਂ ਤੇ ਮੈਂ ਚਾਹੁੰਦਾ ਹਾਂ ਕਿ ਮੇਰੀ ਜ਼ਮੀਨ ਮੈਨੂੰ ਵਾਪਸ ਦਿੱਤੀ ਜਾਵੇ।

## ਝੋਨੇ ਦੀ ਖਰੀਦ ਲਈ ਹੁਣ ਤੱਕ 26743.93 ਕਰੋੜ ਰੁਪਏ ਦੀ ਅਦਾਇਗੀ ਕੀਤੀ ਗਈ : ਅਨਿੰਦਿਤਾ ਮਿੱਤਰਾ

ਜਲੰਧਰ, 6 ਨਵੰਬਰ (ਕਮਲ)- ਝੋਨੇ ਦੀ ਖਰੀਦ ਲਈ ਹੁਣ ਤੱਕ 26,743,93 ਕਰੋੜ ਰੁਪਏ ਦੀ ਅਦਾਇਗੀ ਕੀਤੀ ਜਾ ਚੁੱਕੀ ਹੈ। ਇਹ ਜਾਣਕਾਰੀ ਖੁਰਾਕ ਤੇ ਸਿਵਲ ਸਪਲਾਈ ਵਿਭਾਗ ਦੀ ਡਾਇਰੈਕਟਰ ਸ਼੍ਰੀਮਤੀ ਅਨਿੰਦਿਤਾ ਮਿੱਤਰਾ ਨੇ ਦਿੱਤੀ। ਉਹ ਜ਼ਿਲ੍ਹਾ ਜਲੰਧਰ ਵਿਖੇ ਝੋਨੇ ਦੇ ਖਰੀਦ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਅੱਜ ਪ੍ਰਤਾਪਪੁਰਾ ਪੂਰਬੀ ਮੰਡੀ ਵਿਖੇ ਪੁੱਜੇ ਸਨ।

ਇਥੇ ਗੱਲਬਾਤ ਕਰਦਿਆਂ ਸ੍ਰੀਮਤੀ ਮਿੱਤਰਾ ਨੇ ਦੱਸਿਆ ਕਿ 5 ਨਵੰਬਰ, 2020 ਤੱਕ ਪੰਜਾਬ ਦੇ ਖਰੀਦ ਕੇਂਦਰਾਂ ਤੋਂ ਕੁੱਲ 167,54,963 ਮੀਟ੍ਰਿਕ ਟਨ ਝੋਨੇ ਦੀ ਖਰੀਦ ਕੀਤੀ ਜਾ ਚੁੱਕੀ ਹੈ, ਜਿਸ ਵਿੱਚੋਂ 15,38,6,722 ਮੀਟ੍ਰਿਕ ਟਨ ਦੀ ਸਫਲਤਾਪੂਰਵਕ ਲਿਫਟਿੰਗ ਕੀਤੀ ਜਾ ਚੁੱਕੀ ਹੈ।

ਉਨ੍ਹਾਂ ਦੱਸਿਆ ਕਿ ਸਰਕਾਰੀ ਏਜੰਸੀਆਂ ਨੇ 16,69,7,286 ਮੀਟ੍ਰਿਕ ਟਨ ਝੋਨੇ ਦੀ ਖਰੀਦ ਸਰਕਾਰੀ ਏਜੰਸੀਆਂ ਵੱਲੋਂ ਕੀਤੀ ਗਈ ਹੈ ਜਦਕਿ 57677 ਮੀਟ੍ਰਿਕ ਟਨ ਝੋਨੇ ਦੀ ਖਰੀਦ ਮਿੱਲ ਮਾਲਕਾਂ ਵੱਲੋਂ ਕੀਤੀ ਗਈ ਹੈ।

ਉਨ੍ਹਾਂ ਅੱਗੇ ਦੱਸਿਆ ਕਿ 5 ਨਵੰਬਰ 2020 ਤੱਕ ਮਾਰਕਫੈਡ ਵੱਲੋਂ 43,17,216 ਮੀਟ੍ਰਿਕ ਟਨ ਝੋਨਾ, ਪਨਸਪ ਵੱਲੋਂ 35,19,946 ਮੀਟ੍ਰਿਕ ਟਨ, ਪੀਐਸਡਬਲਯੂਸੀ ਵੱਲੋਂ 17,86,493 ਮੀਟ੍ਰਿਕ ਟਨ, ਪਨਗ੍ਰੇਨ ਵੱਲੋਂ 18,67,950 ਮੀਟ੍ਰਿਕ ਟਨ, ਐਫਸੀਆਈ ਵੱਲੋਂ 35,19,946 ਮੀਟ੍ਰਿਕ ਟਨ ਅਤੇ ਮਿੱਲਰਾਂ ਵੱਲੋਂ 57,677 ਮੀਟਰਕ ਟਨ ਝੋਨੇ ਦੀ ਖਰੀਦ ਕੀਤੀ ਗਈ ਹੈ।

ਉਨ੍ਹਾਂ ਜਲੰਧਰ ਜ਼ਿਲ੍ਹੇ ਦੀਆਂ ਮੰਡੀਆਂ ਵਿਚ ਕੀਤੀ ਗਈ ਝੋਨੇ ਦੀ ਖਰੀਦ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਵਿਕਣ ਲਈ 5 ਨਵੰਬਰ ਤੱਕ ਪੁੱਜੇ 1051583 ਮੀਟ੍ਰਿਕ ਟਨ ਝੋਨੇ ਵਿੱਚੋਂ ਵੱਖ-ਵੱਖ ਖਰੀਦ ਏਜੰਸੀਆਂ ਵੱਲੋਂ 1051546 ਮੀਟ੍ਰਿਕ ਟਨ ਝੋਨੇ ਦੀ ਖਰੀਦ ਕੀਤੀ ਗਈ ਹੈ ਅਤੇ ਖਰੀਦ ਕੀਤੀ ਫ਼ਸਲ ਵਿੱਚੋਂ 1011998 ਮੀਟ੍ਰਿਕ ਟਨ ਦੀ ਲਿਫਟਿੰਗ ਹੋ ਚੁੱਕੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਜਿਥੇ ਕਿਸਾਨਾਂ ਵੱਲੋਂ ਮੰਡੀਆਂ ਵਿੱਚ ਵੇਚਣ ਲਈ ਲਿਆਂਦੀ ਫ਼ਸਲ ਦਾ ਦਾਣਾ-ਦਾਣਾ ਖਰੀਦਿਆ ਜਾ ਰਿਹਾ ਹੈ ਉਥੇ ਕਿਸਾਨਾਂ ਨੂੰ ਮੰਡੀਆਂ ਵਿੱਚ ਆਪਣੀ ਫ਼ਸਲ ਵੇਚਣ ਵਿੱਚ ਕੋਈ ਮੁਸ਼ਕਿਲ ਨਹੀਂ ਆਉਣ ਦਿੱਤੀ ਜਾ ਰਹੀ। ਉਨ੍ਹਾਂ ਕਿਹਾ ਕਿ ਮੰਡੀਆਂ ਵਿੱਚ ਬਾਰਦਾਨੇ ਦੀ ਕੋਈ ਕਮੀ ਨਹੀਂ ਹੈ ਅਤੇ ਝੋਨੇ ਦੀ ਖ਼ਰੀਦ ਸਬੰਧੀ ਅਦਾਇਗੀ ਵੀ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਖਰੀਦ ਤੋਂ 48 ਘੰਟਿਆਂ ਵਿੱਚ ਕੀਤੀ ਜਾਣੀ ਯਕੀਨੀ ਬਣਾਈ ਜਾ ਰਹੀ ਹੈ।

ਉਨ੍ਹਾਂ ਕਿਹਾ ਕਿ ਸੂਬੇ ਵਿੱਚ ਝੋਨੇ ਦੀ ਖਰੀਦ ਦਾ ਕੰਮ ਕੋਵਿਡ-19 ਸਬੰਧੀ ਲਾਗੂ ਪ੍ਰੋਟੋਕੋਲ ਦੀ ਇੰਨ-ਬਿੰਨ ਪਾਲਣਾ ਕਰਦਿਆਂ ਜਾਰੀ ਹੈ ਅਤੇ ਸਰਕਾਰ ਵੱਲੋਂ ਮਹਾਂਮਾਰੀ ਦੇ ਫੈਲਾਅ ਨੂੰ ਰੋਕਣ ਲਈ ਮੰਡੀਆਂ ਵਿੱਚ ਲੋੜੀਂਦੇ ਸਮੁੱਚੇ ਪ੍ਰਬੰਧ ਕੀਤੇ ਗਏ ਹਨ।

## ਸੁਹਾਗਨਾ ਨੇ ਉਤਸ਼ਾਹ ਨਾਲ ਮਨਾਇਆ ਕਰਵਾਚੌਥ ਦਾ ਤਿਓਹਾਰ

ਫਗਵਾੜਾ 6 ਨਵੰਬਰ (ਸ਼ਿਵ ਕੋੜਾ) ਫਗਵਾੜਾ ਦੇ ਸਤਨਾਮਪੁਰ ਇਲਾਕੇ 'ਚ ਸੁਹਾਗਨਾਂ ਨੇ ਹਰ ਸਾਲ ਦੀ ਤਰਾ ਇਸ ਵਾਰ ਵੀ ਕਰਵਾਚੌਥ ਦਾ ਤਿਓਹਾਰ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ।

ਹਾਲਾਂਕਿ ਕੋਰੋਨਾ ਮਹਾਮਾਰੀ ਦਾ ਵੀ ਕਾਫੀ ਪ੍ਰਕੋਪ ਹੈ ਪਰ ਬਾਵਜੂਦ ਇਸ ਦੇ ਸੁਹਾਗਨਾ ਦੇ ਉਤਸ਼ਾਹ 'ਚ ਕੋਈ ਕਮੀ ਨਹੀਂ ਸੀ। ਸਵੇਰੇ ਤੜਕਸਾਰ ਸਰਘੀ ਤੋਂ ਬਾਅਦ ਸੁਹਾਗਨਾ ਵਲੋਂ ਵਰਤ ਦੀ ਸ਼ੁਰੂਆਤ ਕੀਤੀ ਗਈ ਅਤੇ ਦਿਨ ਭਰ ਸਜੀਆਂ-ਧਜੀਆਂ ਸੁਹਾਗਨ ਔਰਤਾਂ ਇਕੱਠੀਆਂ ਬੈਠ ਕੇ ਅਤੇ ਸੋਸ਼ਲ ਮੀਡੀਆ ਤੇ ਆਪਣੇ ਆਪ ਨੂੰ ਵਿਅਸਤ ਰੱਖ ਕੇ ਹਰ ਸਾਲ ਦੀ ਤਰਾ ਸ਼ਾਮ ਹੋਣ ਦਾ ਇੰਤਜਾਰ ਕਰਦੀਆਂ ਦੇਖੀਆਂ ਗਈਆਂ। ਸ਼ਾਮ ਨੂੰ ਕਰਵਾ ਚੌਥ ਦੀ ਕਥਾ ਹਰ ਗਲੀ ਮੁਹੱਲੇ ਵਿਚ ਪੰਡਤਾਣੀਆਂ ਜਾਂ ਮੁਹੱਲੇ ਦੀਆਂ ਬਜੁਰਗ ਔਰਤਾਂ ਪਾਸੋਂ ਸੁਣਨ ਉਪਰੰਤ ਰਾਤ ਨੂੰ ਚੰਨ ਦੇਖ ਕੇ ਸੁਹਾਗਨ ਔਰਤਾਂ ਨੇ ਇਸ ਵਰਤ ਦੀ ਰਸਮ ਨੂੰ ਪੂਰਾ ਕੀਤਾ।

ਕੁਆਰੀਆਂ ਕੁੜੀਆਂ ਅਤੇ ਨਵੀਂਆਂ ਵਿਆਹੀਆਂ ਔਰਤਾਂ ਵਲੋਂ ਇਸ ਵਰਤ ਨੂੰ ਲੈ ਕੇ ਵਿਸ਼ੇਸ਼ ਉਤਸ਼ਾਹ ਦਿਖਾਇਆ ਗਿਆ। ਔਰਤਾਂ ਨੇ ਆਪਣੇ ਪਤੀ ਦੀ ਲੰਬੀ ਉਮਰ ਦੀ ਕਾਮਨਾ ਨਾਲ ਦਿਨ ਭਰ ਵਰਤ ਰੱਖਿਆ ਅਤੇ ਰਾਤ ਨੂੰ ਚੰਨ ਦੇਖ ਕੇ ਵਰਤ ਨੂੰ ਪੂਰਾ ਕੀਤਾ। ਇਸ ਮੌਕੇ ਪਰਮੀਲਾ ਰਾਣੀ, ਗੁਰਵਿੰਦਰ ਕੌਰ, ਕੰਚਨ, ਸੋਨੂੰ, ਅੰਜੂ, ਮੀਨੂੰ, ਨੇਹਾ, ਸੋਨੀਆ, ਗੁਰਸ਼ਰਨ ਕੌਰ ਆਦਿ ਹਾਜ਼ਰ ਸਨ।

## ਦੁਸ਼ਵਾਰੀਆਂ 'ਤੇ ਉਸਤਰਾ ਚਲਾਉਂਦੀਆਂ ਦੋ ਭੈਣਾਂ

ਅਕਸਰ ਹੀ ਸਾਡੇ ਸਮਾਜ ਵਿਚ ਆਮ ਲੋਕ ਆਪਣੇ ਜਜ਼ਬੇ ਅਤੇ ਹੌਸਲੇ ਕਾਰਨ ਕਈਆਂ ਲਈ ਪ੍ਰੇਰਣਾ ਸਰੋਤ ਬਣਦੇ ਹਨ। ਜਦੋਂ ਘਰ ਦਾ ਇਕਲੌਤੇ ਕਮਾਈ ਕਰਨ ਵਾਲਾ ਵਿਅਕਤੀ ਮੰਜਾ ਫੜ ਲੈਂਦਾ ਹੈ ਤਾਂ ਘਰ ਦਾ ਗੁਜ਼ਾਰਾ ਮੁਸ਼ਕਿਲ ਹੋ ਜਾਂਦਾ ਹੈ, ਪਰ ਹੌਸਲਾ ਨਾ ਹਾਰਨ ਵਾਲੇ ਅਜਿਹੀਆਂ ਮੁਸ਼ਕਿਲਾਂ ਨੂੰ ਵੀ ਸਰ ਕਰ ਜਾਂਦੇ ਹਨ। ਅਜਿਹੀ ਹੀ ਕਹਾਣੀ ਹੈ ਉੱਤਰ ਪ੍ਰਦੇਸ਼ ਦੀਆਂ ਦੋ ਭੈਣਾਂ ਦੀ। ਇਨ੍ਹਾਂ ਭੈਣਾਂ ਦੇ ਪਿਓ ਦੀ ਅਚਾਨਕ ਬਿਮਾਰ ਹੋਣ ਦੀ ਹਾਲਾਤ ਵਿਚ ਦੋਵੇਂ ਭੈਣਾਂ ਲੰਬੇ ਸਮੇਂ ਤੋਂ ਆਪਣੇ ਪਿਓ ਦੀ ਨਾਈ ਦੀ ਦੁਕਾਨ ਚਲਾ ਰਹੀਆਂ ਹਨ। ਸ਼ੁਰੂ-ਸ਼ੁਰੂ ਵਿਚ ਜਦ ਲੋਕ ਉਨ੍ਹਾਂ ਤੋਂ ਵਾਲ ਕਟਵਾਉਣ ਅਤੇ ਸ਼ੇਵਿੰਗ ਕਰਵਾਉਣ ਤੋਂ ਘਬਰਾਉਣ ਲੱਗੇ ਤਾਂ ਇਨਾਂ ਕੁੜੀਆਂ ਨੇ ਆਪਣੀ ਬਾਹਰੀ ਦਿੱਖ ਬਦਲ ਕੇ ਮੁੰਡਿਆਂ ਵਾਲਾ ਰੂਪ ਧਾਰ ਲਿਆ।

ਦੋਵਾਂ ਨੇ ਕਰੀਬ ਚਾਰ ਸਾਲ ਤੱਕ ਮੁੰਡਿਆਂ ਵਾਲੀ ਦਿੱਖ 'ਚ ਕੰਮ ਕੀਤਾ। ਰਿਪੋਰਟ ਮੁਤਾਬਕ ਪਿਓ ਦੇ ਬਿਮਾਰ ਹੋਣ ਤੋਂ ਬਾਅਦ ਦੁਕਾਨ ਬੰਦ ਹੋ ਗਈ ਸੀ। ਜਿਸ ਨੂੰ ਦੋਵੇਂ ਕੁੜੀਆਂ ਨੇ ਖੁਦ ਚਲਾਉਣ ਦਾ ਫੈਸਲਾ ਲਿਆ। ਵੱਡੀ ਲੜਕੀ ਜਯੋਤੀ ਕੁਮਾਰੀ 18 ਸਾਲ ਅਤੇ ਨੇਹਾ 16 ਸਾਲਾਂ ਦੀ ਹੈ। ਦਿੱਖ ਬਦਲਣ ਤੋਂ ਬਾਅਦ ਦੋਵਾਂ ਨੇ ਆਪਣੇ ਨਾਂਅ ਦੀਪਕ ਅਤੇ ਰਾਜੂ ਰੱਖ ਲਿਆ ਸੀ। ਇਸ ਬਾਰੇ ਉਨ੍ਹਾਂ ਦੇ ਪਿੰਡ ਦੇ ਕੁਝ ਹੀ ਲੋਕਾਂ ਨੂੰ ਪਤਾ ਹੈ। ਹੁਣ ਦੋਵੇਂ ਕਰੀਬ 400 ਰੁਪਏ ਰੋਜ਼ਾਨਾ ਕਮਾਉਂਦੀਆਂ ਹਨ ਜਿਸ ਨਾਲ ਪਿਓ ਦੀ ਬਿਮਾਰੀ ਦਾ ਖ਼ਰਚ ਅਤੇ ਪਰਿਵਾਰ ਦਾ ਖ਼ਰਚਾ ਚਲਦਾ ਹੈ। ਪਰ ਦੋਵੇਂ ਹੌਸਲਾ ਨਹੀਂ ਹਾਰਦੀਆਂ ਤੇ ਪਿਤਾ ਦੇ ਇਲਾਜ ਲਈ ਆਪਣਾ ਕੰਮ ਮਿਹਨਤ ਨਾਲ ਕਰ ਰਹੀਆਂ ਹਨ।

(ਧੰਨਵਾਦ ਸ.ਪ.)

# ਜਿੱਥੇ ਪ੍ਰਧਾਨ ਮੰਤਰੀ ਖ਼ੁਦ ਕਰਦਾ ਮਰੀਜ਼ਾਂ ਦਾ ਇਲਾਜ

ਭੂਟਾਨ ਦੁਨੀਆ ਦਾ ਪਹਿਲਾ ਅਜਿਹਾ ਦੇਸ਼ ਹੈ ਜਿੱਥੇ ਖ਼ੁਸ਼ੀ ਨੂੰ ਸਰਕਾਰ ਨੇ ਟੀਚੇ ਵਜੋਂ ਸੰਵਿਧਾਨ ਵਿਚ ਸ਼ਾਮਿਲ ਕੀਤਾ ਗਿਆ ਹੈ। ਇਸ ਪਿੱਛੇ ਭੂਟਾਨ ਦੇ ਨਾਗਰਿਕਾਂ ਦਾ ਤਣਾਓ ਮੁਕਤ ਤੇ ਅਹਿਮ ਚੀਜ਼ਾਂ ਨੂੰ ਪਹਿਲ ਦੇਣ ਦਾ ਰਵੱਈਆ ਮੁੱਖ ਵਜ੍ਹਾ ਮੰਨਿਆ ਜਾਂਦਾ ਹੈ।

ਆਮ ਲੋਕ ਹੀ ਨਹੀਂ, ਬਲਕਿ ਭੂਟਾਨ ਦੇ ਪ੍ਰਧਾਨ ਮੰਤਰੀ ਲੋਤੇ ਸ਼ੇਰਿੰਗ ਵੀ ਇਸ ਗੱਲ ਵੱਲ ਧਿਆਨ ਦਿੰਦੇ ਹਨ। ਇਸ ਲਈ ਉਹ ਹਫ਼ਤੇ ਵਿਚ ਪੰਜ ਦਿਨ ਕੰਮ ਕਰਨ ਦਾ ਫਾਰਮੂਲਾ ਵਰਤਦੇ ਹਨ ਤੇ ਦੋ ਦਿਨ ਅਜਿਹੇ ਕੰਮ ਕਰਦੇ ਹਨ ਜਿਸ ਨਾਲ ਉਨ੍ਹਾਂ ਨੂੰ ਆਤਮਿਕ ਸ਼ਾਂਤੀ ਮਿਲਦੀ ਹੈ।

ਛੁੱਟੀ ਵਾਲੇ ਦਿਨ ਉਹ ਆਪਣੇ ਡਾਕਟਰੀ ਪੇਸ਼ੇ ਨੂੰ ਥਾਂ ਦਿੰਦੇ ਹਨ। ਮਰੀਜ਼ਾਂ ਦਾ ਇਲਾਜ ਤੇ ਸਰਜਰੀ ਕਰਦੇ ਹਨ। ਵੀਰਵਾਰ ਨੂੰ ਉਹ ਕੁਝ ਸਮਾਂ ਕੱਢ ਕੇ ਮਰੀਜ਼ਾਂ ਤੇ ਟ੍ਰੇਨੀ ਡਾਕਟਰਾਂ ਤੇ ਨਰਸਾਂ ਨੂੰ ਸਲਾਹ ਦਿੰਦੇ ਹਨ। ਉਹ ਕਹਿੰਦੇ ਹਨ ਕਿ ਛੁੱਟੀ ਵਾਲੇ ਦਿਨ ਕੁਝ ਲੋਕ ਖੇਡਣਾ ਪਸੰਦ ਕਰਦੇ ਹਨ। ਕੁਝ ਤੀਰਅੰਦਾਜ਼ੀ ਕਰਦੇ ਹਨ, ਪਰ ਉਨਾਂ ਲਈ ਇਹ ਕੰਮ ਤਣਾਓ ਘੱਟ ਕਰਨ ਵਾਲਾ ਕੰਮ ਹੈ।

ਉਹ ਮਰਦੇ ਦਮ ਤਕ ਇਹੀ ਕੰਮ ਕਰਦੇ ਰਹਿਣਾ ਚਾਹੁਣਗੇ। ਇੰਨਾ ਹੀ ਨਹੀਂ, ਹਰ ਐਤਵਾਰ ਦਾ ਦਿਨ ਉਹ ਆਪਣੇ ਪਰਿਵਾਰ ਨਾਲ ਬਤੀਤ ਕਰਦੇ ਹਨ। ਉਹ ਮੰਨਦੇ ਹਨ ਕਿ ਜੀਵਨ ਵਿਚ ਸੰਤੁਲਨ ਬਣਾਉਣ ਲਈ ਇਹ ਦੋ ਦਿਨ ਉਨਾਂ ਲਈ ਅਹਿਮ ਹਨ। ਪੰਜ ਦਿਨ ਉਹ ਸਰਕਾਰ ਵਿਚ ਬੈਠ ਕੇ ਨੀਤੀਆਂ ਦੀ ਸਿਹਤ ਵੱਲ ਨਜ਼ਰ ਰੱਖਦੇ ਹਨ ਤੇ ਛੁੱਟੀ ਵਾਲੇ ਦਿਨ ਹਸਪਤਾਲ ਵਿਚ ਮਰੀਜ਼ਾਂ ਦਾ ਇਲਾਜ ਕਰਦੇ ਹਨ। ਸ਼ੇਰਿੰਗ 11 ਸਾਲ ਪਹਿਲਾਂ ਪੀ.ਐਮ. ਚੁਣੇ ਗਏ ਸੀ। ਉਨ੍ਹਾਂ ਦੇ ਸ਼ਾਸਨ ਵਿਚ ਆਉਣ ਤੋਂ ਬਾਅਦ ਹੀ ਦੇਸ਼ ਨੇ ਕਈ ਚੀਜ਼ਾਂ ਵਿਚ ਤਰੱਕੀ ਕੀਤੀ। ਇਸ ਲੋਕਾਂ ਦੀਆਂ ਖੁਸ਼ੀਆਂ ਵਧਾਉਣਾ ਤੇ ਉਨ੍ਹਾਂ ਨੂੰ ਮਾਪਣ ਲਈ ਇੰਡੈਕਸ ਬਣਾਉਣਾ ਵੀ ਸ਼ਾਮਲ ਹੈ। ਭੂਟਾਨ ਆਪਣਾ ਵਿਕਾਸ ਆਰਥਿਕ ਨਹੀਂ, ਬਲਕਿ ਖ਼ੁਸ਼ੀਆਂ ਨਾਲ ਨਾਪਦਾ ਹੈ।

(ਧੰਨਵਾਦ ਸ.ਪ.)

**ਪੀ.ਐਚ.ਐਫ ਲੀਜ਼ਿੰਗ ਲਿਮਟਿਡ**

ਸੀ ਆਈ ਐਨ : L65110PB1992PLC012488

ਰਜਿਸਟਰਡ ਦਫਤਰ : 923, ਜੀ.ਟੀ.ਰੋਡ, ਜਲੰਧਰ-144001, ਪੰਜਾਬ

E-Mail id : phf _leasingltd@yahoo.co.in

Website : www.phfleasing.com

ਫੋਨ : 0181-4639903-06


ਸਿਕਿਉਰਿਟੀਜ਼ ਐਂਡ ਐਕਸਚੇਂਜ ਬੋਰਡ ਆਫ ਇੰਡੀਆ ਦੇ ਰੈਗੂਲੇਸ਼ਨਜ਼ 29 ਅਤੇ 47 (ਲਿਸਟਿੰਗ ਉਬਲੀਗੇਸ਼ਨਜ਼ ਐਂਡ ਡਿਸਕਲੋਜ਼ਰ ਰਿਕਵਾਇਰਮੈਂਟਸ) ਰੈਗੂਲੇਸ਼ਨ, 2015 ਦੇ ਅਨੁਸਾਰ ਇਹ ਸੂਚਿਤ ਕੀਤਾ ਜਾਂਦਾ ਹੈ ਕਿ ਮੈਸਰਜ਼ ਪੀ.ਐਚ.ਐਫ ਲੀਜ਼ਿੰਗ ਲਿਮਟਿਡ ("ਦੀ ਕੰਪਨੀ") ਦੇ ਡਾਇਰੈਕਟਰਾਂ ਦੇ ਬੋਰਡ ਦੀ ਇੱਕ ਮੀਟਿੰਗ ਸ਼ੁਕਰਵਾਰ, 13 ਨਵੰਬਰ, 2020 ਨੂੰ ਕਰਨੀ ਨਿਰਧਾਰਿਤ ਕੀਤੀ ਗਈ ਹੈ ਤਾਂ ਜੋ ਖਤਮ ਹੋਏ ਤਿੰਨ ਮਹੀਨੇ ਅਤੇ ਅੱਧੇ ਸਾਲ 30 ਸਤੰਬਰ 2020 ਲਈ ਕੰਪਨੀ ਦੇ ਬਿਨਾ ਆਡਿਟ ਕੀਤੇ ਸਟੈਂਡਅਲੋਨ ਵਿੱਤੀ ਨਤੀਜਿਆਂ ਨੂੰ ਵਿਚਾਰਿਆ ਅਤੇ ਮਨਜ਼ੂਰ ਕੀਤਾ ਜਾਏ।


ਉਪਰਲੀ ਸੂਚਨਾ ਕੰਪਨੀ ਦੀ ਵੈਬਸਾਈਟ www.phfleasing.com ਤੇ ਦੇਖੀ ਜਾ ਸਕਦੀ ਹੈ ਅਤੇ ਇਸ ਨੂੰ ਸਟਾਕ ਐਕਸਚੇਂਜ ਦੀ ਵੈਬਸਾਈਟ www.msei.in ਤੇ ਵੀ ਦੇਖਿਆ ਜਾ ਸਕਦਾ ਹੈ।

ਵਾਸਤੇ ਪੀ.ਐਚ.ਐਫ. ਲੀਜ਼ਿੰਗ ਲਿਮਟਿਡ
ਸਹੀ/-
ਸ਼ਿਵ ਦਿਆਲ ਚੁੱਘ
ਮੈਨੇਜਿੰਗ ਡਾਇਰੈਕਟਰ
ਡੀ.ਆਈ.ਐਨ : 00993747

ਮਿਤੀ : ਨਵੰਬਰ 6, 2020
ਸਥਾਨ : ਜਲੰਧਰ

Kissan Kheti Store





S. Mahinder Singh Nadala
Writer & Press Reporter
Mobile: 98158-81729

Deals In: Seeds, Pesticides Insecticides & Fertilizers

Old is Gold

Ashoka Dry Cleaners

Bazar Bansanwala Phagwara
Prop. Rishi Kaura
M: 98724-77082

ਐਡੀਟਰ, ਪ੍ਰਿੰਟਰ ਅਤੇ ਪਬਲਿਸ਼ਰ ਓਮ ਪ੍ਰਕਾਸ਼ ਖੇਮਕਰਨੀ ਨੇ ਦਸ਼ਮੇਸ਼ ਪ੍ਰਿੰਟਰਜ਼ ਰਣਜੀਤ ਨਗਰ ਅਤੇ ਨਵਾਂ ਜ਼ਮਾਨਾ ਪ੍ਰਿੰਟਰਜ਼ ਨਹਿਰੂ ਗਾਰਡਨ ਰੋਡ ਜਲੰਧਰ ਤੋਂ ਛਪਵਾ ਕੇ ਦਫਤਰ ਰੋਜ਼ਾਨਾ ਮਿਹਨਤ (ਪੰਜਾਬੀ) ਕਨਾਟ ਸਰਕਸ ਪੱਕਾ ਬਾਗ, ਜਲੰਧਰ ਤੋਂ ਪ੍ਰਕਾਸ਼ਿਤ ਕੀਤਾ। ਮਾਲਕ ਕਮਲ ਕੁਮਾਰ ਸ਼ਰਮਾ। ਆਰ.ਐਨ.ਆਈ ਰਜਿਸਟਰੇਸ਼ਨ ਨੰਬਰ 61817/95